ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

# GOVT. BIKRAM COLLEGE OF COMMERCE, PATIALA

Estd. 1945




## ਪ੍ਰਾਸਪੈਕਟਸ

# PROSPECTUS 2022-23

NAAC ACCREDITED GRADE B++

TELEPHONE: .0175-2220493

TO APPLY ONLINE VISIT: www.gbcpatialaadmission.com

ENTRY POINT ADMISSION: https://admission.punjab.gov.in/

E-mail: gbcpatiala1@gmail.com

Website: www.gbcpatiala.ac.in

CamScanner

BLESSINGS

**ਸ੍ਰੀ ਕ੍ਰਿਸ਼ਨ ਕੁਮਾਰ,** ਆਈ.ਏ.ਐੱਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਅਤੇ ਭਾਸ਼ਾਵਾਂ



# ਸੰਦੇਸ਼

ਇਹ ਖੁਸ਼ੀ ਦੀ ਗੱਲ ਹੈ ਕਿ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਨੇ ਸਿੱਖਿਆ ਦੇ ਖੇਤਰ ਵਿੱਚ ਆਪਣਾ ਵੱਖਰਾ ਸਥਾਨ ਬਣਾਇਆ ਹੈ। ਕਿਸੇ ਵਿਅਕਤੀ ਜਾਂ ਸੰਸਥਾ ਦੀ ਪ੍ਰਾਪਤੀ ਸਿਰਫ ਕੁਝ ਦਿਨਾਂ ਦੀ ਗੱਲ ਨਹੀਂ ਸਗੋਂ ਇਸ ਪਿੱਛੇ ਲੱਗੀ ਊਰਜਾ ਅਤੇ ਲੰਮੇ ਸਮੇਂ ਦੀ ਘਾਲਣਾ ਦਾ ਸਿੱਟਾ ਹੁੰਦਾ ਹੈ। ਆਪਣੇ ਸੁਨਹਿਰੀ ਇਤਿਹਾਸ ਅੰਦਰ ਇਸ ਕਾਲਜ ਦੀਆਂ ਅਨੇਕਾਂ ਮਾਣ-ਮੱਤੀਆਂ ਪ੍ਰਾਪਤੀਆਂ ਰਹੀਆਂ ਹਨ।

ਸੂਰਜ ਦਾ ਪ੍ਰਕਾਸ਼ ਜਿਸ ਤਰ੍ਹਾਂ ਧਰਤੀ ਦੇ ਹਰ ਕੋਨੇ ਨੂੰ ਰੁਸ਼ਨਾਉਂਦਾ ਹੈ, ਵਿੱਦਿਆ ਦਾ ਪ੍ਰਕਾਸ਼ ਵੀ ਉਸੇ ਤਰ੍ਹਾਂ ਮਨੁੱਖ ਅੰਦਰ ਰੂਹ, ਵਿਚਾਰਾਂ ਅਤੇ ਸਰੋਕਾਰਾਂ ਨੂੰ ਰੁਸ਼ਨਾਉਂਦਾ ਹੈ। ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਨੇ ਵਿਦਿਆਰਥੀਆਂ ਅੰਦਰ ਗਿਆਨ ਦੀ ਲੋਅ ਪੈਦਾ ਕਰਨ ਸਦਕਾ ਇਤਿਹਾਸ ਦੇ ਪੰਨਿਆਂ ਵਿੱਚ ਆਪਣੀ ਅਹਿਮ ਥਾਂ ਬਣਾਈ ਹੈ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਸੰਸਥਾ ਦੇ ਅਨੇਕਾਂ ਵਿਦਿਆਰਥੀ ਮਹੱਤਵਪੂਰਨ ਅਹੁਦਿਆਂ 'ਤੇ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।


ਮੈਨੂੰ ਇਹ ਗੱਲ ਦਾ ਵਿਸ਼ਵਾਸ ਹੈ ਕਿ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਦੇ ਇਸ ਪ੍ਰਾਸਪੈਕਟਸ ਤੋਂ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਕਾਲਜ ਦੀਆਂ ਵਿਭਿੰਨ ਸਰਗਰਮੀਆਂ, ਪ੍ਰਾਪਤੀਆਂ ਅਤੇ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਉਚਿਤ ਕੋਰਸ ਦੀ ਚੋਣ ਕਰਨ ਦੇ ਸਮਰੱਥ ਹੋਣਗੇ।

ਮੈਂ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਨਾਲ ਜੁੜੀਆਂ ਸਾਰੀਆਂ ਸ਼ਖਸੀਅਤਾਂ ਨੂੰ ਵਧਾਈ ਦਿੰਦਾ ਹਾਂ ਅਤੇ ਇਹ ਆਸ ਕਰਦਾ ਹਾਂ ਕਿ ਇਹ ਸੰਸਥਾ ਆਉਣ ਵਾਲੇ ਸਮੇਂ ਵਿੱਚ ਆਪਣੀ ਬਿਹਤਰ ਕਾਰਗੁਜ਼ਾਰੀ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਨਵੀਆਂ ਬੁਲੰਦੀਆਂ ਛੂਹੇਗੀ।

ਸ਼ੁਭ ਇੱਛਾਵਾਂ !

**ਕ੍ਰਿਸ਼ਨ ਕੁਮਾਰ,** ਆਈ.ਏ.ਐੱਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਅਤੇ ਭਾਸ਼ਾਵਾਂ

CamScanner



# ABOUT THE **COLLEGE**

## ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

'ਉਦਮੁ ਕਰੇਦਿਆ ਜੀਓ ਤੂੰ' ਗੁਰਬਾਣੀ ਦੀ ਤੁਕ ਦੀ ਸ਼੍ਰੇਸਠਤਾ ਨੂੰ ਸਾਰਥਕ ਕਰਦੇ ਹੋਏ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਅੱਜ ਤੋਂ 77 ਸਾਲ ਪਹਿਲਾਂ ਸੰਨ 1945 ਵਿੱਚ ਸਥਾਪਿਤ ਹੋਇਆ। ਇਹ ਸੰਸਥਾ ਕਾਮਰਸ ਦੇ ਖੇਤਰ ਦੀ ਇੱਕ ਸਹਿ-ਸਿੱਖਿਆ ਸੰਸਥਾ ਹੈ। ਉੱਤਰੀ ਭਾਰਤ ਵਿਚ ਕਾਮਰਸ ਦਾ ਸਭ ਤੋਂ ਪੁਰਾਣਾ ਸਰਕਾਰੀ ਕਾਲਜ ਹੈ, ਜੋ ਫਰੀਦਕੋਟ ਦੇ ਰਾਜਾ ਹਰਿੰਦਰ ਸਿੰਘ ਨੇ ਆਪਣੇ ਦਾਦਾ ਰਾਜਾ ਬਿਕਰਮ ਸਿੰਘ ਜੀ ਦੀ ਯਾਦ ਵਿਚ ਫਰੀਦਕੋਟ ਵਿਖੇ ਸਥਾਪਤ ਕੀਤਾ ਸੀ। ਬਾਅਦ ਵਿਚ ਸੰਨ 1955 ਵਿਚ ਇਸ ਕਾਲਜ ਨੂੰ ਪਟਿਆਲਾ ਵਿਖੇ ਤਬਦੀਲ ਕਰ ਦਿੱਤਾ ਗਿਆ। ਪਹਿਲਾਂ ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸੰਬੰਧਤ ਸੀ, ਪਰੰਤੂ 1962 ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਉਪਰੰਤ ਇਹ ਕਾਲਜ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਚਲਿਆ ਆ ਰਿਹਾ ਹੈ।



ਰਾਜਾ ਬਿਕਰਮ ਸਿੰਘ
(ਜਨਵਰੀ 1842-ਅਗਸਤ 1898)

ਅੱਜ ਜਦੋਂ ਸੰਸਾਰ ਪੱਧਰ ਤੇ ਵਿਕਾਸ ਦੇ ਅਨੇਕਾਂ ਸਾਧਨ ਅਤੇ ਖੇਤਰ ਮੌਜੂਦ ਹਨ, ਉੱਥੇ ਕਾਮਰਸ ਦੇ ਖੇਤਰ ਵਿਚ ਵੀ ਵਿਕਾਸ ਅਤੇ ਰੁਜ਼ਗਾਰ ਦੀਆਂ ਅਨੇਕਾਂ ਅਤੇ ਉੱਨਤੀ ਦੀਆਂ ਸੰਭਾਵਨਾਵਾਂ ਮੌਜੂਦ ਹਨ। ਅਸਲ ਵਿਚ ਕਾਮਰਸ ਅਜਿਹਾ ਬਹੁ ਕਿੱਤਾ ਮੁਖੀ ਖੇਤਰ ਹੈ, ਜਿਸ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਵਿਚ ਖਾਸ ਤੌਰ ਤੇ ਬੈਂਕ, ਬੀਮਾ ਕੰਪਨੀਆਂ, ਲੇਖਾ, ਆਡਿਟ, ਕੰਪਨੀ ਸੈਕਟਰੀਸ਼ਿਪ, ਚਾਰਟਰਡ ਅਕਾਊਂਟੈਂਟਸ, ਮੈਨੇਜਮੈਂਟ ਅਕਾਊਂਟੈਂਟਸ, ਫਾਇਨੈਸ਼ੀਅਲ ਅਨਾਲਿਸਟਸ, ਕੰਪਨੀ ਕਾਨੂੰਨ, ਟੈਕਸ ਪ੍ਰੈਕਟਿਸ, ਮਾਰਕੀਟਿੰਗ ਅਤੇ ਵਿਕਰੇਤਾ ਖੇਤਰ, ਅੰਕੜਾ ਸੰਸਥਾਨ, ਪਲੈਨਿੰਗ ਬੋਰਡ, ਨਿੱਜੀ, ਸਰਕਾਰੀ ਅਤੇ ਸਹਿਕਾਰੀ ਖੇਤਰ, ਉਦਯੋਗਿਕ ਅਤੇ ਵਪਾਰਕ ਅਦਾਰਿਆਂ ਦੇ ਪ੍ਰਬੰਧ ਕਾਰਜ, ਆਈ. ਏ. ਐਸ., ਆਈ. ਪੀ. ਐਸ., ਆਈ. ਆਰ. ਐਸ., ਪੀ. ਸੀ. ਐਸ. (ਸਿਵਲ ਅਤੇ ਜੁਡੀਸ਼ੀਅਲ ਸੇਵਾਵਾਂ) ਅਤੇ ਅਧਿਆਪਨ ਆਦਿ ਦੇ ਖੇਤਰ ਵਿੱਚ ਨੌਕਰੀ ਪੇਸ਼ੇ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਹਨ। ਇਸ ਕਾਲਜ ਤੋਂ ਬੀ.ਕਾਮ. ਅਤੇ ਐਮ.ਕਾਮ. ਕਰਕੇ ਗਏ ਵਿਦਿਆਰਥੀ ਇਨ੍ਹਾਂ ਸੰਸਥਾਵਾਂ ਵਿੱਚ ਉਚ ਅਹੁਦਿਆਂ ਉਤੇ ਤਾਇਨਾਤ ਹਨ ਅਤੇ ਦੂਰ ਦੂਰ ਤੱਕ ਇਸ ਕਾਲਜ ਦੀ ਖੁਸ਼ਬੂ ਨੂੰ ਫੈਲਾ ਰਹੇ ਹਨ। ਇਹ ਸਾਰਾ ਕੁਝ ਇਸ ਸੰਸਥਾ ਦੀ ਅਧਿਆਪਨ ਫੈਕਲਟੀ ਦੁਆਰਾ ਹੀ ਸੰਭਵ ਹੋ ਰਿਹਾ ਹੈ ਜੋ ਤਜਰਬੇ ਅਤੇ ਵਿਦਿਅਕ-ਯੋਗਤਾ ਵਿਚ ਉਚੇਰੀ ਮੁਹਾਰਤ ਰੱਖਦੀ ਹੈ।

ਪਿਛਲੇ ਕੁਝ ਸਾਲਾਂ ਵਿਚ ਤਾਂ ਇਸ ਕਾਲਜ ਨੇ ਬਹੁਤ ਵਿਕਾਸ ਕੀਤਾ ਹੈ ਅਤੇ ਇਸ ਸੰਸਥਾ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਸਹੂਲਤਾਂ ਅਤੇ ਸਾਧਨ ਜੁਟਾਉਣ ਵਿਚ ਕਾਲਜ ਪ੍ਰੰਬਧਕਾ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਕਾਲਜ ਵਿਚ ਵਿਦਿਆਰਥੀਆਂ ਦੀਆਂ ਆਮ ਲੋੜਾਂ ਤੋਂ ਉੱਪਰ ਉੱਠਕੇ ਉਨ੍ਹਾਂ ਲਈ ਆਧੁਨਿਕ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਕਾਲਜ ਵਿਚ ਸੀ.ਐਮ.ਸੀ. ਕਮੇਟੀ ਦਾ ਗਠਨ ਕੀਤਾ ਗਿਆ ਹੈ, ਕਾਲਜ ਵਿਚ ਮਲਟੀ-ਪਰਪਜ਼ ਹਾਲ, ਸੈਮੀਨਾਰ ਰੂਮ, ਅੰਮ੍ਰਿਤਾ ਪ੍ਰੀਤਮ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ। ਕਾਲਜ ਦੀ 'ਲਾਇਬ੍ਰੇਰੀ' ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਾਮਰਸ ਅਤੇ ਹੋਰ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਹਨ, ਜਿਨ੍ਹਾਂ ਨੂੰ ਕੰਪਿਊਟਰਾਈਜ਼ਡ ਕੀਤਾ ਗਿਆ ਹੈ। ਕਾਲਜ ਵਿਚ 'ਰਿਸਰਚ ਕੋਸਲਿੰਗ ਅਤੇ ਪਲੇਸਮੈਂਟ ਸੈਲ' ਦੁਆਰਾ ਵਿਦਿਆਰਥੀਆਂ ਦੀ ਪਲੇਸਮੈਂਟ ਲਈ ਪੂਰੀ ਤਨਦੇਹੀ ਨਾਲ ਉਪਰਾਲੇ ਕੀਤੇ ਜਾਂਦੇ ਹਨ। ਸੱਤ ਕੰਪਨੀਆਂ ਨਾਲ ਐਮ.ਓ.ਯੂ. ਵੀ ਸਾਈਨ ਹੋਏ ਹਨ। ਬਿਨਾਂ ਸ਼ੱਕ ਇਸ ਖਿੱਤੇ ਵਿਚ ਕਾਮਰਸ ਦੀ ਇਹ ਇਕ ਸੰਪੂਰਨ ਅਤੇ ਸਫਲ ਵਿਦਿਅਕ ਸੰਸਥਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਬਿਹਤਰ ਸਹੂਲਤਾਂ ਮੁਹਈਆ ਕਰਵਾਉਣ ਦੇ ਮੰਤਵ ਨਾਲ ਸਮਾਰਟ ਕਲਾਸ ਰੂਮਜ਼, ਵਰਚੂਅਲ ਕਲਾਸ ਰੂਮ, ਲੈਂਗੂਏਜ ਲੈਬ, ਸੋਲਰ ਪੈਨਲ, ਸਾਈਲੈਂਟ ਆਟੋਮੈਟਿਕ ਜੈਨਰੇਟਰ ਸੈੱਟ, ਉਪਲੱਬਧ ਕਰਵਾਏ ਗਏ ਹਨ। ਬਿਕਰਮ ਕਲਾਜ, ਪਟਿਆਲਾ ਬੱਸ ਅੱਡੇ ਅਤੇ ਰੇਲਵੇ ਸਟੇਸ਼ਨ ਤੋਂ ਲੱਗਭੱਗ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿੱਤ ਹੈ।

CamScanner




# ਸੁਨੇਹਾ

PRINCIPAL'S MESSAGE



'ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ' ਪੰਜਾਬ ਦੇ ਨਾਲ-ਨਾਲ ਉੱਤਰੀ ਭਾਰਤ ਦੀ ਕਾਮਰਸ ਦੇ ਖੇਤਰ ਦੀ ਅਜਿਹੀ ਸਿਰਮੌਰ ਸੰਸਥਾ ਹੈ ਜੋ ਪੌਣੀ ਸਦੀ ਤੋਂ ਵੀ ਵੱਧ ਲੰਮੇ ਸਮੇਂ ਤੋਂ ਖਿੱਤੇ ਦੇ ਲੋਕਾਂ ਨੂੰ ਕਾਮਰਸ ਦੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਅਤ ਕਰਦੇ ਹੋਏ ਨਵੀਆਂ ਬੁਲੰਦੀਆਂ ਨੂੰ ਛੂਹ ਰਹੀ ਹੈ।

ਕਾਲਜ ਵਿਦਿਆਰਥੀਆਂ ਨੂੰ ਬੀ.ਕਾਮ, ਐਮ.ਕਾਮ ਅਤੇ ਬੀ.ਸੀ.ਏ ਕੋਰਸਾਂ ਜ਼ਰੀਏ ਕਾਮਰਸ ਦੇ ਖੇਤਰ ਵਿੱਚ ਸਿੱਖਿਅਤ ਕਰਕੇ ਅਜਿਹੇ ਪੇਸ਼ਾਵਰ ਮਾਹਰਾਂ ਦੇ ਰੂਪ ਵਿੱਚ ਤਿਆਰ ਕਰਦਾ ਹੈ ਜੋ ਅਜਿਹੀਆਂ ਚੁਣੌਤੀਆਂ ਨਾਲ ਸਿੱਝਣ ਦੀ ਮੁਹਾਰਤ ਰੱਖਦੇ ਹੋਣ ਅਤੇ ਅਜਿਹੀ ਸਿੱਖਿਆ ਜ਼ਰੀਏ ਉਹ ਨਿੱਜੀ, ਸਰਕਾਰੀ, ਸਹਿਕਾਰੀ ਖੇਤਰ ਦੇ ਵੱਖ-ਵੱਖ ਅਦਾਰਿਆਂ ਜਿਵੇਂ ਬੈਂਕ, ਬੀਮਾ ਕੰਪਨੀਆਂ, ਪਲੈਨਿੰਗ ਬੋਰਡਾਂ, ਅੰਕੜਾਂ ਸੰਸਥਾਵਾਂ, ਵਪਾਰਕ, ਉਦਯੋਗਿਕ ਅਤੇ ਮਾਰਕੀਟਿੰਗ ਕੰਪਨੀਆਂ ਆਦਿ ਵਿੱਚ ਅਕਾਊਂਟਸ, ਆਡਿਟ, ਟੈਕਸ, ਮਾਰਕੀਟਿੰਗ ਆਦਿ ਖੇਤਰਾਂ ਵਿੱਚ ਸਫ਼ਲਤਾ ਸਹਿਤ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ। ਇਹਨਾਂ ਖੇਤਰਾਂ ਤੋਂ ਇਲਾਵਾ ਕਾਮਰਸ ਵਿੱਚ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ ਸਿਵਲ ਸਰਵਿਸਜ਼ ਅਤੇ ਅਧਿਆਪਨ ਪੇਸ਼ੇ ਦੇ ਦਰਵਾਜ਼ੇ ਵੀ ਖੁੱਲ੍ਹੇ ਹਨ।

ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਬਹੁਪੱਖੀ ਵਿਕਾਸ ਲਈ ਅਕਾਦਮਿਕ ਗਤੀਵਿਧੀਆਂ ਦੇ ਨਾਲ ਨਾਲ ਐਨ.ਸੀ.ਸੀ., ਐੱਨ.ਐੱਸ.ਐੱਸ., ਖੇਡਾਂ, ਯੂਥ ਕਲੱਬ, ਰੈੱਡ ਕਰਾਸ ਆਦਿ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਵੀ ਟ੍ਰੇਨਿੰਗ ਦਾ ਖ਼ਾਸ ਪ੍ਰਬੰਧ ਹੈ। ਵਿਦਿਆਰਥੀਆਂ ਨੂੰ ਆਧੁਨਿਕ ਸਮੇਂ ਦੇ ਹਾਣ ਦਾ ਬਣਾਉਣ ਲਈ ਕਾਲਜ ਵਿੱਚ ਸਿੱਖਿਆ ਪ੍ਰਾਪਤੀ ਲਈ ਹਰ ਤਰ੍ਹਾਂ ਦੀਆਂ ਤਕਨੀਕੀ ਸੁਵਿਧਾਵਾਂ ਜਿਵੇਂ ਸਮਾਰਟ ਕਲਾਸ-ਰੂਮ, ਨਵੀਆਂ ਕੰਪਿਊਟਰ ਲੈਬਜ਼, ਲੈਂਗੂਏਜ਼ ਲੈਬ, ਵਰਚੂਅਲ ਕਲਾਸ-ਰੂਮਜ਼, ਕੰਪਿਊਟਰਾਈਜ਼ਡ ਕਿਤਾਬਾਂ ਸਹਿਤ ਵਿਸ਼ਾਲ ਲਾਇਬ੍ਰੇਰੀ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸਹੂਲਤ ਲਈ ਮਲਟੀਪਰਪਜ਼ ਹਾਲ, ਸੈਮੀਨਾਰ ਹਾਲ, ਰਿਸਰਚ, ਕੌਂਸਲਿੰਗ ਅਤੇ ਪਲੇਸਮੈਂਟ ਸੈੱਲ, ਸੋਲਰ ਪੈਨਲ, ਸਾਈਲੈਂਟ ਜੈੱਨਰੇਟਰ ਸੈੱਟ ਅਤੇ ਕੰਟੀਨ ਆਦਿ ਸਹੂਲਤਾਂ ਵੀ ਉਪਲੱਬਧ ਹਨ। ਦੂਰ-ਦੁਰਾਡੇ ਦੇ ਵਿਦਿਆਰਥੀਆਂ ਲਈ ਹੋਸਟਲ ਦਾ ਖ਼ਾਸ ਪ੍ਰਬੰਧ ਹੈ। ਕਾਲਜ ਦਾ ਹਰਿਆ-ਭਰਿਆ ਚੌਗਿਰਦਾ ਅਤੇ ਸਾਫ਼-ਸੁਥਰਾ ਮਨੋਹਰ ਵਾਤਾਵਰਨ ਵਿਦਿਆਰਥੀਆਂ ਲਈ ਸਿਹਤਮੰਦ ਮਾਹੌਲ ਸਿਰਜਦਾ ਹੈ।

ਸਾਡੇ ਮਾਣਯੋਗ ਪ੍ਰਮੁੱਖ ਸਕੱਤਰ, ਸ਼੍ਰੀ ਕ੍ਰਿਸ਼ਨ ਕੁਮਾਰ (ਆਈ.ਏ.ਐੱਸ.) ਉਚੇਰੀ ਸਿੱਖਿਆ ਅਤੇ ਭਾਸ਼ਾਵਾਂ, ਪੰਜਾਬ ਜੀ ਦੀ ਦੂਰ ਦ੍ਰਿਸ਼ਟੀ ਸਦਕਾ ਵਿਦਿਆਰਥੀਆਂ ਅਤੇ ਕਾਲਜ ਦੇ ਵਿਕਾਸ ਲਈ ਕਾਲਜ ਦਾ ਸੁੰਦਰੀਕਰਨ ਅਕਾਦਮਿਕ, ਗੈਰ ਅਕਾਦਮਿਕ, ਦਸਤਕ ਕਲਾਸ ਅਤੇ ਮੈਨਟੌਰ ਕਲਾਸ ਨਾਲ ਨਿਰੰਤਰ ਚੱਲ ਰਿਹਾ ਹੈ। ਇਸ ਲੜੀ ਅਧੀਨ ਕਈ ਕੰਪਨੀਆਂ ਨਾਲ MOU ਵੀ ਸਾਈਨ ਹੋਏ ਹਨ ਅਤੇ ਕਾਲਜ ਵਿੱਚ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਸੂਝਵਾਨ ਵਿਅਕਤੀਆਂ ਦੇ ਸੁਮੇਲ ਨਾਲ ਸੀ.ਐਮ.ਸੀ ਕਮੇਟੀ ਦਾ ਗਠਨ ਵੀ ਕੀਤਾ ਹੈ, ਜੋ ਕਿ ਕਾਲਜ ਦੀ ਬਿਹਤਰੀ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਇਸ ਕਾਲਜ ਦਾ ਸਭ ਤੋਂ ਵਿਸ਼ੇਸ਼ ਹਾਸਲ ਇੱਥੋਂ ਦੀ ਉੱਚ ਯੋਗਤਾ ਪ੍ਰਾਪਤ ਅਧਿਆਪਨ ਅਤੇ ਗੈਰ ਅਧਿਆਪਨ ਫੈਕਲਟੀ ਹੈ। ਮੇਰੀ ਇਹ ਦਿਲੀ ਕਾਮਨਾ ਹੈ ਕਿ ਤੁਸੀਂ ਇੱਥੋਂ ਸਿੱਖਿਆ ਹਾਸਲ ਕਰਕੇ ਸਫ਼ਲਤਾ ਦੀਆਂ ਨਵੀਆਂ ਸਿਖਰਾਂ ਨੂੰ ਛੋਹੋ!!

ਪ੍ਰੋ. (ਡਾ.) ਕੁਸੁਮ ਲਤਾ
(ਪ੍ਰਿੰਸੀਪਲ)

CamScanner

# *Panoramic View of Campus*




















# Golden Moments



Visit of Honorable Sh. Krishan Kumar Ji (IAS), Principal Secretary,
Higher Education & Languages, Punjab in the college



Joining of Prof. (Dr.)Kusum Lata as Principal of
Govt. Bikram College of Commerce, Patiala



Alumni Meet-'Home coming 2022'




Alumni Meet of School Teachers-'Navekli Saanjh'




College Management Committee (CMC)
for college development plan



Inauguration of Parking Pathway Area by CMC



Parent Teacher Association (PTA) of the college

CamScanner

# Golden Moments



**Book Exhibition dedicated to Martyrdom day of Shaheed Bhagat Singh**



**Inauguration of Amrita Pritam Library after BALA WORK by National Awardee S. Tota Singh Ji**



**Plantation Drive in College**





**Rally on Generation Equality by NSS Team**



**Sports Day in the college**



**Bhangra Team Participation in Zonal Youth Festival**



**Project Library on Wheels at Govt. High School, Thuhi, Nabha**



**Group D Employees welcoming Dr. Kusum Lata on her joining as Principal of the college**

CamScanner

# Golden Moments





Investiture Ceremony of Rotract Club



Blood Donation Camp dedicated to International Women's Day



Activities of NSS Volunteers during Seven days NSS Camp



Enrollment Drive in Schools

CamScanner

# VISION & MISSION

## VISION

**'Education for Total Formation'**

The College aims to orient the young students towards academic excellence, holistic personality development and social orientation to enable them to cope with the contemporary global scenario.

## MISSION

To nurture skills and knowledge in the field of commerce that will facilitate the students to excel in academic, technological and social pursuits. The College strives to serve the nation by developing competitive pool of scholars in academia, industry and business who has the spirit to work with determination, dedication and devotion.

## OBJECTIVES

With the vision and mission clearly defined GBCC has the following formally stated objectives:

- To provide quality academic programme that would enhance student learning so as to make them creative and innovative.
- To develop the entrepreneurial and other skills to enable the students to become successful professionals, businessmen and industrialists who contribute in the national development.
- To focus on all-round development of the students' personality through the various academic and co-curricular activities so as to enable them to realize and maximize their potential, excel in their academic and non-academic fields and developing them to be global leaders of tomorrow.
- To maintain and promote quality, transparency, compliance and sustainability in governance and service delivery.
- To inculcate ethics, social and environmental consciousness among the staff and students for strong community building.
- To achieve all round self-reliance of the learners.
- To build interaction with leading national institutions to increase employability of learners.
- To provide continuous learning and skill enhancement opportunities to faculty members.
- To ensure outstanding environment-friendly infrastructure and facilities to its users.



CS CamScanner

# ਤਰਤੀਬ


| ਲੜੀ ਨੰ. | ਵਿਸ਼ਾ | ਪੰਨਾ ਨੰ. |
|---|---|---|
| 1. | ਉਦੇਸ਼ ਤੇ ਟੀਚਾ | 1 |
| 2. | ਅਧਿਆਪਕ ਮੰਡਲ | 3 |
| 3. | ਗਤੀਵਿਧੀਆਂ ਦੇ ਇੰਚਾਰਜ | 5 |
| 4. | ਕਾਲਜ ਮੈਨੇਜਮੈਂਟ ਕੇਮਟੀ | 6 |
| 5. | ਪੜ੍ਹਾਏ ਜਾਣੇ ਵਾਲੇ ਡਿਗਰੀ ਕੋਰਸ | 7 |
| 6. | ਹੁਨਰ ਅਤੇ ਰੁਜ਼ਗਾਰ ਮੁਖੀ ਕੋਰਸ | 7 |
| 7. | ਬੀ.ਕਾਮ ਵਿਦ ਆਫ਼ਿਸ ਮੈਨੇਜਮੈਂਟ ਐਂਡ ਸੈਕਟੇਰੀਅਲ ਪ੍ਰੈਕਟਿਸ (ਆਪਸ਼ਨਲ) | 8 |
| 8. | ਦਾਖਲੇ ਲਈ ਪਾਤਰਤਾ | 8 |
| 9. | ਪੰਜਾਬੀ ਲਾਜ਼ਮੀ ਦੀ ਥਾਂ ਮੁੱਢਲਾ ਗਿਆਨ ਦਾ ਵਿਸ਼ਾ ਦੇਣ ਬਾਰੇ ਨਿਯਮ | 9 |
| 10. | ਪੰਜਾਬ ਤੋਂ ਬਾਹਰ ਦੇ ਸਿੱਖਿਆ ਬੋਰਡਾਂ/ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਦਾਖ਼ਲੇ ਸਬੰਧੀ ਵਿਸ਼ੇਸ਼ ਹਦਾਇਤਾਂ | 9 |
| 11. | ਯੂਨੀਵਰਸਿਟੀ ਪ੍ਰੀਖਿਆਵਾਂ ਲਈ ਪਾਤਰਤਾ | 10 |
| 12. | ਇੰਟਰਨਲ ਅਸੈਸਮੈਂਟ | 10 |
| 13. | ਦਾਖਲੇ ਦੇ ਨਿਯਮ | 11 |
| 14. | ਦਾਖ਼ਲੇ ਲਈ ਰਾਖਵੀਆਂ ਸੀਟਾਂ | 12 |
| 15. | ਦਸਤਾਵੇਜ਼/ਸਰਟੀਫਿਕੇਟ ਵੈਰੀਫਿਕੇਸ਼ਨ | 12 |
| 16. | ਫ਼ੀਸ ਅਦਾਇਗੀ ਦੇ ਨਿਯਮ | 12 |
| 17. | ਫ਼ੀਸ ਅਤੇ ਹੋਰ ਫੰਡ | 13 |
| 18. | ਸੈਲਫ਼ ਫਾਇਨਾਂਸ ਕੋਰਸਾਂ ਦੀਆਂ ਫ਼ੀਸਾਂ ਦਾ ਵੇਰਵਾ | 14 |
| 19. | ਰਿਆਇਤਾਂ, ਵਜ਼ੀਫ਼ਾ ਅਤੇ ਵਿਦਿਆਰਥੀ ਸਹਾਇਤਾ ਫੰਡ | 15 |
| 20. | ਮੈਡੀਕਲ ਸਹੂਲਤ | 16 |
| 21. | ਛੁੱਟੀ ਸਬੰਧੀ ਨਿਯਮ | 16 |
| 22. | ਮੈਨਟੋਰ ਗਰੁੱਪ | 16 |
| 23. | ਸ਼ਨਾਖਤੀ ਕਾਰਡ | 16 |
| 24. | ਅਨੁਸ਼ਾਸਨ ਦੇ ਨਿਯਮ | 17 |
| 25. | ਕਾਲਜ ਵਿੱਚ ਉਪਲੱਬਧ ਸਹੂਲਤਾਂ (ਹੋਸਟਲ) | 17 |
| 26. | ਅੰਮ੍ਰਿਤਾ ਪ੍ਰੀਤਮ ਲਾਇਬ੍ਰੇਰੀ | 18 |
| 27. | ਕੰਪਿਊਟਰ ਲੈਬ | 18 |
| 28. | ਕੈਰੀਅਰ ਕੌਂਸਲਿੰਗ ਅਤੇ ਪਲੇਸਮੈਂਟ ਸੈੱਲ | 18 |
| 29. | ਐਨ.ਸੀ.ਸੀ. | 18 |
| 30. | ਐਨ.ਐਸ.ਐਸ. | 19 |
| 31. | ਖੇਡਾਂ | 19 |
| 32. | ਯੂਥ ਕਲਚਰਲ ਐਕਟੀਵਿਟੀਜ਼ ਕਲੱਬ | 19 |
| 33. | ਰੈੱਡ ਕਰਾਸ | 19 |
| 34. | ਐਂਟੀ ਰੈਗਿੰਗ ਸੈੱਲ | 19 |
| 35. | ਸ਼ਿਕਾਇਤ ਨਿਵਾਰਨ ਸੈੱਲ | 19 |
| 36. | ਐਂਟੀ ਹਰਾਸਮੈਂਟ ਸੈੱਲ | 19 |
| 37. | ਲੀਗਲ ਲਿਟਰੇਸੀ ਸੈੱਲ | 19 |
| 38. | ਸਵੱਛਤਾ ਸੈੱਲ | 19 |
| 39. | ਸੇ ਨੋ ਟੂ ਡਰੱਗਸ ਸੈੱਲ | 20 |
| 40. | ਇਨਵਾਇਰਮੈਂਟ ਕਲੱਬ | 20 |
| 41. | ਵੋਟਰਜ਼ ਕਲੱਬ | 20 |
| 42. | ਰੈੱਡ ਰਿਬਨ ਕਲੱਬ | 20 |
| 43. | ਬਿਕਰਮ ਅਲੂਮਨੀ (ਗਲੋਬਲ) ਐਸੋਸੀਏਸ਼ਨ | 20 |
| 44. | ਬਿਕਰਮ ਹੈਲਪਿੰਗ ਹੈਂਡਜ਼ | 20 |
| 45. | ਡਿਵਾਇਨ ਕਲੱਬ | 20 |
| 46. | ਡੈਫ ਫਰੈਂਡਸ਼ਿਪ ਕਲੱਬ | 20 |
| 47. | ਮਾਪੇ-ਅਧਿਆਪਕ ਐਸੋਸੀਏਸ਼ਨ | 20 |
| 48. | ਆਰ.ਟੀ. ਆਈ. ਸੈੱਲ | 21 |
| 49. | ਰਾਈਟ ਟੂ ਸਰਵਿਸ ਐਕਟ ਪੰਜਾਬ | 21 |
| 50. | ਕਾਲਜ ਮੈਗਜ਼ੀਨ | 21 |
| 51. | ਪੰਜਾਬੀ ਭਾਸ਼ਾ ਮੰਚ | 21 |
| 52. | ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕਰਨ ਸਬੰਧੀ ਨਿਯਮ | 21 |
| 53. | ਦਾਖ਼ਲੇ ਸੰਬੰਧੀ ਵਿਸ਼ੇਸ਼ ਨੋਟ | 24 |




CamScanner

# ਕਾਲਜ ਸਟਾਫ਼
# COLLEGE STAFF

**ਪ੍ਰਿੰਸੀਪਲ : ਪ੍ਰੋਫੈਸਰ (ਡਾ.) ਕੁਸੁਮ ਲਤਾ, ਪੀ.ਐੱਚ.ਡੀ., ਐਮ.ਕਾਮ. (ਗੋਲਡ ਮੈਡਲਿਸਟ), ਬੀ.ਕਾਮ. (ਆਨਰਜ਼)**

## ਅਧਿਆਪਕ ਮੰਡਲ (TEACHING FACULTY)

### ਕਾਮਰਸ (COMMERCE)

1. ਐਸੋਸੀਏਟ ਪ੍ਰੋਫੈਸਰ (ਡਾ.) ਵਨੀਤਾ ਰਾਣੀ, ਪੀ.ਐੱਚ.ਡੀ., ਐਮ. ਕਾਮ., ਐਮ.ਬੀ.ਏ., ਯੂ.ਜੀ.ਸੀ. ਨੈੱਟ **(ਮੁਖੀ ਕਾਮਰਸ ਵਿਭਾਗ)**
2. ਅਸਿ. ਪ੍ਰੋ. (ਡਾ.) ਜੋਤੀ ਤਿਰਥਾਨੀ, ਪੀ.ਐੱਚ.ਡੀ., ਐਮ.ਫਿਲ, ਐਮ.ਕਾਮ., ਯੂ.ਜੀ.ਸੀ. ਨੈੱਟ, ਪੀ.ਜੀ.ਡੀ.ਸੀ.ਏ. (ਪਾਰਟ ਟਾਈਮ ਲੈਕਚਰਾਰ)
3. ਅਸਿ. ਪ੍ਰੋ. (ਡਾ.) ਰੇਖਾ, ਪੀ.ਐੱਚ.ਡੀ., ਐਮ.ਫਿਲ., ਐਮ.ਕਾਮ., ਯੂ.ਜੀ.ਸੀ. ਨੈੱਟ, ਪੀ.ਜੀ.ਡੀ.ਸੀ.ਏ. (ਪਾਰਟ ਟਾਈਮ ਲੈਕਚਰਾਰ)
4. ਅਸਿ. ਪ੍ਰੋ. (ਡਾ.) ਰਿਤੂ ਕਪੂਰ, ਪੀ.ਐੱਚ.ਡੀ., ਐਮ.ਫਿਲ., ਐਮ.ਕਾਮ., ਯੂ.ਜੀ.ਸੀ. ਨੈੱਟ (ਪਾਰਟ ਟਾਈਮ ਲੈਕਚਰਾਰ)
5. ਅਸਿ. ਪ੍ਰੋ. (ਡਾ.) ਰਜਨੀ ਬਾਲਾ, ਪੀ.ਐੱਚ.ਡੀ., ਐਮ.ਫਿਲ., ਐਮ.ਕਾਮ., ਯੂ.ਜੀ.ਸੀ. ਨੈੱਟ (ਕੰਟਰੈਕਟ ਅਧਾਰਿਤ)
6. ਅਸਿ.ਪ੍ਰੋ. ਸਤਿੰਦਰ ਕੌਰ, ਐਮ.ਕਾਮ, ਯੂ.ਜੀ.ਸੀ. ਨੈੱਟ (ਗੈਸਟ ਫੈਕਲਟੀ)
7. ਅਸਿ.ਪ੍ਰੋ. ਕਵਿਤਾ, ਐਮ.ਕਾਮ., ਯੂ.ਜੀ.ਸੀ.ਨੈੱਟ (ਗੈਸਟ ਫੈਕਲਟੀ)
8. ਅਸਿ. ਪ੍ਰੋ. (ਡਾ.) ਹਿਮਾਨੀ ਜੋਸ਼ੀ, ਪੀ.ਐੱਚ.ਡੀ., ਐਮ.ਕਾਮ. (ਗੈਸਟ ਫੈਕਲਟੀ)
9. ਅਸਿ. ਪ੍ਰੋ. ਜੈਸਮੀਨ ਕੌਰ, ਐਮ.ਕਾਮ. (ਆਨਰਜ਼) ਯੂ.ਜੀ.ਸੀ.ਨੈੱਟ (ਗੈਸਟ ਫੈਕਲਟੀ)
10. ਅਸਿ. ਪ੍ਰੋ. (ਡਾ.) ਤਰਨਦੀਪ ਕੌਰ, ਪੀ.ਐੱਚ.ਡੀ., ਐਮ.ਕਾਮ., ਯੂ.ਜੀ.ਸੀ. ਨੈੱਟ, ਐਮ.ਬੀ.ਏ. (ਗੈਸਟ ਫੈਕਲਟੀ)
11. ਅਸਿ. ਪ੍ਰੋ. ਨੈਨਸੀ ਸ਼ਰਮਾ, ਐਮ.ਕਾਮ., ਯੂ.ਜੀ.ਸੀ. ਨੈੱਟ, (ਗੈਸਟ ਫੈਕਲਟੀ)
12. ਖਾਲੀ
13. ਖਾਲੀ

### ਕੰਪਿਊਟਰ (COMPUTER)

1. ਐਸੋਸੀਏਟ ਪ੍ਰੋਫੈਸਰ ਰਾਮ ਕੁਮਾਰ, ਐਮ.ਟੈੱਕ., ਐਮ.ਐਸ.ਸੀ. (ਆਨਰਜ਼), ਪੋਸਟ ਗਰੈਜੂਏਟ ਡਿਪਲੋਮਾ ਇਨ ਕੁਆਂਟੀਟੇਟਿਵ ਇਕਨਾਮਿਕਸ ਐਂਡ ਕੰਪਿਊਟਰ ਐਪਲੀਕੇਸ਼ਨਜ **(ਮੁਖੀ ਕੰਪਿਊਟਰ ਵਿਭਾਗ)**

### ਅਰਥ ਸਾਸ਼ਤਰ (ECONOMICS)

1. ਅਸਿਸਟੈਂਟ ਪ੍ਰੋਫੈਸਰ (ਡਾ.) ਅਪਰਾ, ਪੀ.ਐੱਚ.ਡੀ., ਐਮ.ਏ. (ਗੋਲਡ ਮੈਡਲਿਸਟ), ਬੀ.ਏ ਆਨਰਜ਼ (ਗੋਲਡ ਮੈਡਲਿਸਟ), ਯੂ.ਜੀ.ਸੀ. ਨੈੱਟ **(ਮੁਖੀ ਇਕਨਾਮਿਕਸ ਵਿਭਾਗ)**
2. ਅਸਿ. ਪ੍ਰੋ. ਅਸ਼ੋਕ ਕੁਮਾਰ, ਐਮ. ਏ. ਇਕਨਾਮਿਕਸ, ਯੂ.ਜੀ.ਸੀ. ਨੈੱਟ, ਬੀ. ਐਡ (ਗੈਸਟ ਫੈਕਲਟੀ)
3. ਅਸਿ. ਪ੍ਰੋ. ਗਜ਼ਲ ਅਗਰਵਾਲ, ਐਮ.ਐਸ ਸੀ (ਆਨਰਜ਼) ਅਰਥ ਸ਼ਾਸਤਰ, ਯੂ.ਜੀ.ਸੀ.ਨੈੱਟ (ਗੈਸਟ ਫੈਕਲਟੀ)

4-5. ਖਾਲੀ



CamScanner

## ਗਣਿਤ (MATHEMATICS)

1. ਅਸਿ. ਪ੍ਰੋ. (ਡਾ.) ਜਸਪ੍ਰੀਤ ਕੌਰ, ਪੀ.ਐੱਚ.ਡੀ., ਐਮ.ਐਸ.ਸੀ. (ਮੈਥਸ), ਐਮ.ਸੀ.ਏ., ਐਮ.ਐਸ.ਸੀ. (ਆਈ.ਟੀ.) (ਪਾਰਟ ਟਾਈਮ ਲੈਕਚਰਾਰ)

## ਪੰਜਾਬੀ (PUNJABI)

1. ਅਸਿ. ਪ੍ਰੋ. (ਡਾ.) ਅਮਰਿੰਦਰ ਕੌਰ, ਪੀ.ਐੱਚ.ਡੀ, ਐਮ.ਏ. (ਆਨਰਜ਼) ਪੰਜਾਬੀ, ਯੂ.ਜੀ.ਸੀ.ਨੈੱਟ, ਪੀ.ਜੀ.ਡੀ.ਆਈ.ਟੀ. (ਗੈਸਟ ਫੈਕਲਟੀ)
2. ਅਸਿ. ਪ੍ਰੋ. (ਡਾ.) ਰਵਿੰਦਰ ਕੁਮਾਰ, ਪੀ.ਐੱਚ.ਡੀ, ਐਮ.ਏ. ਪੰਜਾਬੀ, ਯੂ.ਜੀ.ਸੀ.ਨੈੱਟ (ਗੈਸਟ ਫੈਕਲਟੀ)

## ਅੰਗ੍ਰੇਜ਼ੀ (ENGLISH)

1. ਖਾਲੀ

## ਲਾਇਬਰੇਰੀ ਸਟਾਫ਼ (LIBRARY STAFF)

1. ਲਾਇਬ੍ਰੇਰੀਅਨ : ਸ੍ਰੀਮਤੀ ਚਰਨਜੀਤ ਕੌਰ, ਐਮ. ਲਿਬ. ਐਮ. ਏ.
2. ਲਾਇਬ੍ਰੇਰੀ ਰਿਸਟੋਰਰ : ਖਾਲੀ

## ਕਾਮਰਸ ਇੰਸਟਰਕਟਰ (COMMERCE INSTRUCTOR)

1. ਸ਼੍ਰੀਮਤੀ ਸ਼ਸ਼ੀ ਬਾਲਾ, ਐਮ.ਏ., ਡਿਪਲੋਮਾ (ਸਟੈਨੋਗ੍ਰਾਫੀ)
2. ਖਾਲੀ

## ਪ੍ਰਬੰਧਕੀ ਅਮਲਾ (ADMINISTRATIVE STAFF)

1. ਸੁਪਰਡੈਂਟ (ਖਾਲੀ)
2. ਜੂਨੀਅਰ ਸਹਾਇਕ : ਸ਼੍ਰੀਮਤੀ ਕਿਰਨਜੀਤ ਕੌਰ
3. ਜੂਨੀਅਰ ਸਹਾਇਕ : ਸ. ਬਲਬੀਰ ਸਿੰਘ
4. ਸਟੈਨੋ-ਟਾਈਪਿਸਟ (ਖਾਲੀ)

## ਦਰਜਾ ਚਾਰ ਕਰਮਚਾਰੀ (FOURTH CLASS EMPLOYEES)

1. ਸੇਵਾਦਾਰ : ਸ. ਸੁਖਵਿੰਦਰ ਸਿੰਘ
2. ਵਾਟਰ ਕੈਰੀਅਰ : ਸ਼੍ਰੀਮਤੀ ਗੁਰਨਾਮ ਕੌਰ
3. ਚੌਕੀਦਾਰ : ਸ੍ਰੀਮਤੀ ਪੁਸ਼ਪ ਪਤੀ
4. ਸ. ਹਰਪ੍ਰੀਤ ਸਿੰਘ
5. ਦਫਤਰੀ : ਖਾਲੀ
6. ਮਾਲੀ : ਖਾਲੀ
7. ਗੇਮ ਬੁਆਏ: ਖਾਲੀ
8. ਸਵੀਪਰ : ਖਾਲੀ
9. ਲਾਇਬ੍ਰੇਰੀ ਅਟੈਂਡੈਂਟ : ਖਾਲੀ



CamScanner

## ਦਸਤਕ ਕਲਾਸ

'ਦਸਤਕ ਕਲਾਸ' ਅਧੀਨ ਕਾਲਜ ਦੇ ਪ੍ਰਿੰਸੀਪਲ ਨਾਲ ਅਕਾਦਮਿਕ, ਗੈਰ ਅਕਾਦਮਿਕ ਗਤੀਵਿਧੀਆਂ ਲਈ ਵਿਦਿਆਰਥੀਆਂ ਅਤੇ ਕਾਲਜ ਦੀ ਬੇਹਤਰੀ ਨਾਲ ਸੰਬੰਧਤ Open Door Policy ਬਣਾਈ ਗਈ ਹੈ। ਜਿਸ ਵਿਚ ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਸੁਝਾਵਾਂ ਲਈ ਬੁਲਾਇਆ ਜਾਂਦਾ ਹੈ।

## ਗਤੀਵਿਧੀਆਂ ਦੇ ਇੰਚਾਰਜ

| | | |
|---|---|---|
| 1. | ਕਾਲਜ ਬਰਸਰ, ਸੀਨੀਅਰ ਟਿਊਟਰ, ਟਾਈਮ ਟੇਬਲ, ਮੈਂਬਰ ਕਾਲਜ ਮੈਨੇਜਮੈਂਟ ਕਮੇਟੀ, ਗਰੀਵੈਨਸ ਰੀਡਰੈਸਲ (ਲੜਕੀਆਂ), ਜਨਰਲ ਸਕੱਤਰ ਬਿਕਰਮ ਅਲੂਮਨੀ (ਗਲੋਬਲ) ਐਸੋਸੀਏਸ਼ਨ | ਡਾ. ਵਨੀਤਾ ਰਾਣੀ |
| 2. | ਸਕੱਤਰ ਕਾਲਜ ਮੈਨੇਜਮੈਂਟ ਕਮੇਟੀ, ਘਰੇਲੂ ਪ੍ਰੀਖਿਆਵਾਂ ਰਜਿਸਟਰਾਰ, ਫ਼ੀਸ ਮਾਫ਼ੀ, ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ./ਓ.ਬੀ.ਸੀ., ਹੋਸਟਲ (ਲੜਕੇ), ਗਰੀਵੈਨਸ ਰੀਡਰੈਸਲ (ਲੜਕੇ) ਮੈਂਬਰ ਸਕੱਤਰ ਐੱਚ.ਈ.ਆਈ.ਐੱਸ., ਮੈਂਬਰ ਰੂਸਾ (RUSA) | ਪ੍ਰੋ. ਰਾਮ ਕੁਮਾਰ |
| 3. | ਲੀਗਲ ਸੈੱਲ, ਕਾਲਜ ਮੈਗਜ਼ੀਨ, ਕੁਆਰਡੀਨੇਟਰ ਸਕਿੱਲ ਓਰੀਐਂਟਿਡ ਕੋਰਸਿਜ਼ ਮੈਂਬਰ ਕਾਲਜ ਮੈਨੇਜਮੈਂਟ ਕਮੇਟੀ | ਡਾ. ਅਪਰਾ |
| 4. | ਯੂ.ਜੀ.ਸੀ. ਕਮੇਟੀ, ਬੱਸ ਪਾਸ ਕਮੇਟੀ, ਮੈਂਬਰ ਰੂਸਾ (RUSA) | ਸ਼੍ਰੀਮਤੀ ਚਰਨਜੀਤ ਕੌਰ |
| 5. | ਕੋਵਿਡ-19 ਵੈਕਸੀਨੇਸ਼ਨ, ਲੈਕਚਰ ਸ਼ਾਰਟੇਜ | ਸ਼੍ਰੀਮਤੀ ਸਸ਼ੀ ਬਾਲਾ |
| 6. | ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ (ਯੂਨਿਟ-I) | ਡਾ. ਜੋਤੀ ਤਿਰਥਾਨੀ |
| 7. | ਕੈਰੀਅਰ ਕੌਂਸਲਿੰਗ ਅਤੇ ਪਲੇਸਮੈਂਟ ਸੈੱਲ | ਡਾ. ਰੇਖਾ ਰਾਣੀ |
| 8. | ਹੋਸਟਲ (ਲੜਕੀਆਂ), ਯੂਨੀਵਰਸਿਟੀ ਨਾਲ ਸੰਬੰਧਤ ਮਾਮਲੇ | ਡਾ. ਜਸਪ੍ਰੀਤ ਕੌਰ |
| 9. | ਕੁਆਰਡੀਨੇਟਰ ਰੂਸਾ (RUSA) ਪੀ.ਟੀ.ਏ. ਵਿੱਤ ਸਕੱਤਰ, ਆਨਲਾਈਨ ਐਡਮਿਸ਼ਨ ਪ੍ਰੋਸੈਸਿੰਗ | ਡਾ. ਰਿਤੂ ਕਪੂਰ |
| 10. | ਵੋਟਰਜ਼ ਲਿਟਰੇਸੀ ਕਲੱਬ, ਪ੍ਰਿੰਟਿੰਗ | ਡਾ. ਰਜਨੀ ਬਾਲਾ |
| 11. | ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ (ਯੂਨਿਟ-II) | ਸ਼੍ਰੀਮਤੀ ਸਤਿੰਦਰ ਕੌਰ |
| 12. | ਸੱਭਿਆਚਾਰਕ ਗਤੀਵਿਧੀਆਂ, ਸੇ ਨੋ ਟੂ ਡਰੱਗਜ਼, ਸਰਪ੍ਰਸਤ ਭਾਸ਼ਾ ਮੰਚ | ਡਾ. ਅਮਰਿੰਦਰ ਕੌਰ |
| 13. | ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ./ ਓ.ਬੀ.ਸੀ.(ਮੈਂਬਰ) | ਸ਼੍ਰੀਮਤੀ ਕਵਿਤਾ |
| 14. | ਖੇਡਾਂ, ਐਨ.ਸੀ.ਸੀ. | ਡਾ. ਹਿਮਾਨੀ ਜੋਸ਼ੀ |
| 15. | ਰੈਡ ਰਿਬਨ ਕਲੱਬ | ਸ਼੍ਰੀਮਤੀ ਜੈਸਮੀਨ ਕੌਰ |
| 16. | ਆਨਲਾਈਨ ਐਡਮਿਸ਼ਨ ਪ੍ਰੋਸੈਸਿੰਗ (ਮੈਂਬਰ) | ਸ਼੍ਰੀਮਤੀ ਗਜ਼ਲ ਅਗਰਵਾਲ |
| 17. | ਰੈਡ ਕਰਾਸ ਯੂਨਿਟ | ਡਾ. ਤਰਨਦੀਪ ਕੌਰ |
| 18. | ਹੈਲਪਿੰਗ ਹੈਂਡ, ਡਿਵਾਇਨ ਕਲੱਬ | ਸ਼੍ਰੀਮਤੀ ਨੈਨਸੀ ਸ਼ਰਮਾ |



CamScanner

# ਕਾਲਜ ਮੈਨੇਜਮੈਂਟ ਕਮੇਟੀ (CMC)

ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ, ਪੰਜਾਬ-ਕਮ-ਸੀ.ਈ.ਓ (RUSA) ਸ੍ਰੀ ਕ੍ਰਿਸ਼ਨ ਕੁਮਾਰ ਜੀ IAS ਦੇ ਆਦੇਸ਼ਾਂ ਅਨੁਸਾਰ ਕਾਲਜ ਦੇ ਸੰਪੂਰਨ ਵਿਕਾਸ ਲਈ ਕਾਲਜ ਵਿੱਚ ਕਾਲਜ ਮੈਨੇਜਮੈਂਟ ਕਮੇਟੀ ਬਣਾਈ ਗਈ ਹੈ। ਇਸ ਕਮੇਟੀ ਦੀ ਇਕੱਤਰਤਾ ਮਹੀਨੇ ਵਿੱਚ ਇੱਕ ਵਾਰ ਹੁੰਦੀ ਹੈ। ਇਸ ਇਕੱਤਰਤਾ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕਣ, ਅਧਿਆਪਕਾਂ ਦੀਆਂ ਲੋੜਾਂ, ਵਿਦਿਆਰਥੀਆਂ ਦੇ ਦਾਖ਼ਲੇ ਅਤੇ ਕਾਲਜ ਦੇ ਬੁਨਿਆਦੀ ਢਾਂਚੇ ਦੀਆਂ ਲੋੜੀਂਦੀਆਂ ਜ਼ਰੂਰਤਾਂ ਆਦਿ ਬਾਰੇ ਵਿਚਾਰ-ਵਟਾਂਦਰੇ ਰਾਹੀਂ ਇਨ੍ਹਾਂ ਦੀ ਪੂਰਤੀ ਕੀਤੀ ਜਾਂਦੀ ਹੈ। ਇਸ ਕਮੇਟੀ ਦੇ ਅਹੁਦੇਦਾਰਾਂ ਦਾ ਵੇਰਵਾ:-

| | |
|---|---|
| ਚੇਅਰਪਰਸਨ | ਪ੍ਰੋਫੈਸਰ (ਡਾ.) ਕੁਸੁਮ ਲਤਾ, ਪ੍ਰਿੰਸੀਪਲ |
| ਸਕੱਤਰ | ਐਸੋਸੀਏਟ ਪ੍ਰੋਫੈਸਰ ਰਾਮ ਕੁਮਾਰ |
| ਮਾਪੇ ਅਤੇ ਰਿਟਾਇਰਡ ਅਧਿਆਪਕ/ਪ੍ਰਿੰਸੀਪਲ | ਡਾ. ਆਰ.ਕੇ. ਸ਼ਰਮਾ |
| | ਸ਼੍ਰੀ ਗੁਰਪ੍ਰਤਾਪ ਸਿੰਘ ਜੱਗੀ |
| | ਸ਼੍ਰੀ ਉਮੇਸ਼ ਕੁਮਾਰ ਘਈ |
| | ਸ਼੍ਰੀ ਮਾਨ ਸਿੰਘ |
| | ਸ਼੍ਰੀਮਤੀ ਹਰਪ੍ਰੀਤ ਕੌਰ |
| | ਸ਼੍ਰੀਮਤੀ ਸ਼ਵੇਤਾ ਜਿੰਦਲ |
| | ਸ਼੍ਰੀਮਤੀ ਭੁਪਿੰਦਰ ਕੌਰ |
| | ਸ਼੍ਰੀਮਤੀ ਅਮਿਤਾ ਸਿੰਗਲਾ |
| | ਸ਼੍ਰੀਮਤੀ ਕੰਚਨ |
| ਅਧਿਆਪਕ ਮੈਂਬਰਜ਼ | ਐਸੋਸੀਏਟ ਪ੍ਰੋਫੈਸਰ (ਡਾ.) ਵਨੀਤਾ ਰਾਣੀ |
| | ਅਸਿਸਟੈਂਟ ਪ੍ਰੋਫੈਸਰ (ਡਾ.) ਅਪਰਾ |
| | ਸ਼੍ਰੀਮਤੀ ਚਰਨਜੀਤ ਕੌਰ, ਲਾਇਬ੍ਰੇਰੀਅਨ |
| | ਅਸਿ.ਪ੍ਰੋ. (ਡਾ.) ਰੇਖਾ ਰਾਣੀ, (ਪਾਰਟ ਟਾਈਮ) |
| | ਅਸਿ.ਪ੍ਰੋ. (ਡਾ.) ਰਿਤੂ ਕਪੂਰ, ਕਾਮਰਸ (ਪਾਰਟ ਟਾਈਮ) |
| ਅਲੂਮਨੀ ਮੈਂਬਰਜ਼ | ਸ਼੍ਰੀ ਰੁਪਿੰਦਰ ਪੁਰੀ, ਸੀ.ਏ. |
| | ਸ਼੍ਰੀ ਅਨਿਲ ਅਰੋੜਾ, ਸੀ.ਏ. |
| ਕਾਲਜ ਦੇ ਵਿਦਿਆਰਥੀ | ਵਰਸ਼ਪ੍ਰੀਤ ਕੌਰ, ਐਮ.ਕਾਮ.-2 |
| | ਨਵਰੀਨ ਕੌਰ, ਬੀ.ਕਾਮ.-2 |
| ਲੋਕਲ ਗਵਰਨੈਂਸ ਜਾਂ ਪੰਚਾਇਤ ਵੱਲੋਂ ਨਾਮਜ਼ਦ ਮੈਂਬਰ | ਸ਼੍ਰੀ ਪਰਵਿੰਦਰ ਸਿੰਘ, ਜੂਨੀ.ਇੰਜ. ਮਿਊਂਸੀਪਲ ਕਾਰਪੋਰੇਸ਼ਨ |
| ਸੰਬੰਧਿਤ ਜ਼ਿਲ੍ਹਾ 1. ਅਸਿਸਟੈਂਟ ਕੁਆਰਡੀਨੇਟਰ (ਪ੍ਰਾਇਮਰੀ) | ਸ਼੍ਰੀ ਜਗਜੀਤ ਵਾਲੀਆ |
| 2. ਅਸਿਸਟੈਂਟ ਕੁਆਰਡੀਨੇਟਰ (ਪ੍ਰਾਇਮਰੀ) | ਸ਼੍ਰੀ ਲਖਵਿੰਦਰ ਸਿੰਘ |



CamScanner

# ਪੜ੍ਹਾਏ ਜਾਣ ਵਾਲੇ ਡਿਗਰੀ ਕੋਰਸ
# DEGREE COURSES OF STUDY

| ਲੜੀ ਨੰ. | ਡਿਗਰੀ ਕੋਰਸ (ਸਮੈਸਟਰ ਪ੍ਰਣਾਲੀ) | ਯੂਨਿਟ | ਕੁੱਲ ਸੀਟਾਂ |
|---|---|---|---|
| 1. | ਬੀ.ਕਾਮ. ਭਾਗ I,II,III (ਤਿੰਨ ਸਾਲ)<br>B.Com. Part I,II,III (Three Years) | 5 | 69×5= 345 |
| 2. | *ਬੀ.ਕਾਮ. ਆਨਰਜ਼ ਭਾਗ I,II,III (ਤਿੰਨ ਸਾਲ)<br>B.Com. Honours Part I,II,III (Three Years) | 1 | 69×1= 69 |
| 3. | ਐਮ. ਕਾਮ. ਭਾਗ I,II (ਦੋ ਸਾਲ)<br>M.Com. Part I,II (Two Years) | 1 | 46×1=46 |
| 4. | *ਐਮ.ਕਾਮ. (ਬਿਜ਼ਨਜ ਇਨੋਵੇਸ਼ਨਜ਼) ਭਾਗ I,II (ਦੋ ਸਾਲ)<br>M.Com. Business Innovations Part I,II (Two Years) | 1 | 46×1=46 |

| ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ (HEIS) ਦੇ ਅਧੀਨ ਚੱਲ ਰਹੇ ਕੋਰਸ | | |
|---|---|---|
| 1. ਬੀ.ਸੀ.ਏ. ਭਾਗ I,II,III (ਤਿੰਨ ਸਾਲ)<br>B.C.A.Part I,II,III (Three Years) | 2 | 58×2=116 |
| 2. ਐਮ.ਐਸ.ਸੀ.(ਆਈ.ਟੀ.) II<br>M.Sc.(IT) Part II | 1 | 46×1=46 |

ਨੋਟ: *ਇਹਨਾਂ ਕੋਰਸਾਂ ਵਾਸਤੇ ਪੰਜਾਬੀ ਯੂਨੀਵਰਸਿਟੀ ਨੂੰ ਐਫੀਲੇਸ਼ਨ ਲਈ ਅਪਲਾਈ ਕੀਤਾ ਹੋਇਆ ਹੈ।
ਬੀ.ਸੀ.ਏ. ਦੀ ਇੱਕ ਹੋਰ ਯੂਨਿਟ ਵਾਸਤੇ ਵੀ ਐਫੀਲੇਸ਼ਨ ਲਈ ਅਪਲਾਈ ਕੀਤਾ ਹੋਇਆ ਹੈ।

## ਹੁਨਰ ਅਤੇ ਰੁਜ਼ਗਾਰ ਮੁਖੀ ਸਰਟੀਫਿਕੇਟ ਕੋਰਸ
## SKILL AND EMPLOYMENT ORIENTED CERTIFICATE COURSES

**Skill and Employment Oriented Courses Approved by Department of Higher Education, Punjab in Collaboration with Jagat Guru Nanak Dev Punjab State Open University, Patiala.**

| S.No. | Course | Duration |
|---|---|---|
| 1. | Certificate Course in IT Enabled Services | 6 Months |
| 2. | Certificate Course in Business Etiquette and Professionalism | 6 Months |
| 3. | Certificate Course in Retail and Sale Management Skills | 6 Months |
| **Eligibility:** 10+2 (Any Stream) | | |



CamScanner

# ਬੀ.ਕਾਮ.ਵਿਦ ਆਫ਼ਿਸ ਮੈਨੇਜਮੈਂਟ ਐਂਡ ਸੈਕਰੇਟੇਰੀਅਲ ਪ੍ਰੈਕਟਿਸ (ਆਪਸ਼ਨਲ)

## B.COM WITH OFFICE MANAGEMENT & SECRETARIAL PRACTICE (OPTIONAL)

ਬੀ.ਕਾਮ ਭਾਗ ਪਹਿਲਾ ਵਿੱਚ ਦਾਖ਼ਲ ਹੋਏ ਵਿਦਿਆਰਥੀ ਆਫ਼ਿਸ ਮੈਨੇਜਮੈਂਟ ਐਂਡ ਸੈਕਰੇਟੇਰੀਅਲ ਪ੍ਰੈਕਟਿਸ ਕਿੱਤਾ ਮੁਖੀ ਵਿਸ਼ਾ ਵੀ ਚੁਣ ਸਕਦੇ ਹਨ। ਜਿਹੜੇ ਵਿਦਿਆਰਥੀ ਉਪਰੋਕਤ ਵਿਸ਼ਾ ਪੜ੍ਹਨਗੇ, ਉਹ ਹੇਠ ਲਿਖੇ ਵਿਸ਼ੇ ਨਹੀਂ ਪੜ੍ਹਨਗੇ।

ਬੀ.ਕਾਮ-I ਇਕਨਾਮਿਕਸ (ਸਮੈਸਟਰ-1) ਅਤੇ (ਸਮੈਸਟਰ-2)

ਬੀ.ਕਾਮ-II ਬਿਜ਼ਨੈੱਸ ਸਟੈਟ (ਸਮੈਸਟਰ-3) ਅਤੇ ਔਪਰੇਸ਼ਨਲ ਰਿਸਰਚ (ਸਮੈਸਟਰ-4)

ਬੀ.ਕਾਮ-III ਆਡਿਟਿੰਗ (ਸਮੈਸਟਰ-5) ਅਤੇ ਇੰਟਰਪਰਿਨਿਓਰਸ਼ਿਪ ਐਂਡ ਗਵਰਨੈਂਸ (ਸਮੈਸਟਰ-6)

## ਦਾਖ਼ਲੇ ਲਈ ਪਾਤਰਤਾ (ELIGIBILITY FOR ADMISSION)

### ਬੀ.ਕਾਮ. ਭਾਗ ਪਹਿਲਾ

ਬੀ. ਕਾਮ ਰੈਗੂਲਰ ਭਾਗ ਪਹਿਲਾ ਅਤੇ ਬੀ.ਕਾਮ ਆਨਰਜ਼ ਭਾਗ ਪਹਿਲਾ ਵਿੱਚ ਦਾਖ਼ਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਹੋਵੇਗਾ। ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪ੍ਰਵਾਨਤ ਸੰਸਥਾ ਤੋਂ 10+2 ਦੀ ਪ੍ਰੀਖਿਆ ਘੱਟੋ-ਘੱਟ ਨੰਬਰਾਂ ਨਾਲ ਹੇਠ ਲਿਖੇ ਅਨੁਸਾਰ ਪਾਸ ਕੀਤੀ ਹੋਵੇ :

1. ਕਾਮਰਸ ਗਰੁੱਪ ਦੇ ਵਿਦਿਆਰਥੀਆਂ ਲਈ ਕੁੱਲ ਨੰਬਰਾਂ ਦਾ 40%

**ਜਾਂ**

2. ਹਿਊਮੈਨਟੀਅਜ਼ ਗਰੁੱਪ (ਘੱਟੋ-ਘੱਟ ਦੋ ਪੇਪਰ-ਕਾਮਰਸ/ ਮੈਥ/ਅਕਾਊਂਟਸ/ਇਕਨਾਮਿਕਸ/ਮੈਨੇਜਮੈਂਟ) ਲਈ 45%

**ਜਾਂ**

3. ਬਾਕੀ ਦੇ ਅਜਿਹੇ ਵਿਦਿਆਰਥੀਆਂ ਜਿਹੜੇ ਉਪਰੋਕਤ ਦੋਹਾਂ ਸ਼੍ਰੇਣੀਆਂ ਵਿੱਚ ਨਹੀਂ ਆਉਂਦੇ ਉਨ੍ਹਾਂ ਲਈ ਕੁੱਲ ਨੰਬਰ ਦਾ 50%

### ਬੀ.ਕਾਮ. ਭਾਗ ਦੂਜਾ

ਬੀ. ਕਾਮ ਭਾਗ ਦੂਜਾ ਵਿਚ ਉਨ੍ਹਾਂ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇਗਾ, ਜਿਨਾਂ ਨੇ ਬੀ.ਕਾਮ. ਭਾਗ ਪਹਿਲਾ ਦੇ ਪਹਿਲਾ ਸਮੈਸਟਰ ਨੂੰ ਪਾਸ ਕੀਤਾ ਹੋਵੇ ਅਤੇ ਦੂਜੇ ਸਮੈਸਟਰ ਦਾ ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਿਆ ਹੋਵੇ। ਵਿਦਿਆਰਥੀ ਨੇ ਕੁਲ ਪੇਪਰਾਂ ਵਿੱਚੋ ਘੱਟੋ ਘੱਟ 50% ਪੇਪਰ ਪਾਸ ਕੀਤੇ ਹੋਣ।

ਜਿਨ੍ਹਾਂ ਵਿਦਿਆਰਥੀਆਂ ਨੇ ਬੀ.ਕਾਮ. ਭਾਗ ਪਹਿਲੇ ਦੀ ਪ੍ਰੀਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਇਲਾਵਾ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇਗੀ ਉਨਾਂ ਨੂੰ ਪਾਤਰਤਾ ਅਤੇ ਡੈਫੀਸਿਟ ਪੇਪਰਾਂ ਸਬੰਧੀ ਲੋੜੀਂਦਾ ਸਰਟੀਫਿਕੇਟ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕਰਨਾ ਪ੍ਰਾਰਥੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

### ਬੀ.ਕਾਮ. ਭਾਗ ਤੀਜਾ

ਜਿਨ੍ਹਾਂ ਵਿਦਿਆਰਥੀਆਂ ਨੇ ਬੀ.ਕਾਮ ਦੂਜਾ ਦੇ ਤੀਜੇ ਸਮੈਸਟਰ ਨੂੰ ਪਾਸ ਕੀਤਾ ਹੋਵੇ ਅਤੇ ਚੌਥੇ ਸਮੈਸਟਰ ਦਾ ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਿਆ ਹੋਵੇ। ਵਿਦਿਆਰਥੀ ਨੇ ਕੁਲ ਪੇਪਰਾਂ ਵਿੱਚੋ ਘੱਟੋ ਘੱਟ 50% ਪੇਪਰ ਪਾਸ ਕੀਤੇ ਹੋਣ।

**ਨੋਟ :** ਇੱਕ ਵਿਸ਼ੇ ਵਿੱਚ ਰੀ-ਅਪੀਅਰ ਵਾਲੇ ਵਿਦਿਆਰਥੀ ਨੂੰ ਅਗਲੀ ਕਲਾਸ ਵਿੱਚ ਦਾਖ਼ਲਾ ਦੇਣ ਸੰਬੰਧੀ ਵਿਚਾਰ ਸੀਟਾਂ ਦੀ ਉਪਲੱਬਧਤਾ ਅਨੁਸਾਰ ਹੀ ਕੀਤਾ ਜਾਵੇਗਾ।

### ਐਮ. ਕਾਮ ਭਾਗ ਪਹਿਲਾ

ਐਮ. ਕਾਮ ਰੈਗੂਲਰ ਭਾਗ ਪਹਿਲਾ ਅਤੇ ਐਮ.ਕਾਮ. ਬਿਜ਼ਨੈਸ ਇਨੋਵੇਸ਼ਨਜ਼ ਭਾਗ ਪਹਿਲਾ ਦਾ ਦਾਖ਼ਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਹੋਵੇਗਾ। ਜਿਸ ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪ੍ਰਮਾਣਿਤ ਸੰਸਥਾ ਤੋਂ ਬੀ.ਕਾਮ., ਬੀ. ਬੀ. ਏ., ਬੀ. ਕਾਮ. (ਆਨਰਜ਼), ਬੀ. ਕਾਮ. (ਅਕਾਂਊਟਿੰਗ ਐਡ ਫਾਇਨਾਂਸ) ਦੀ ਪ੍ਰੀਖਿਆ ਘੱਟੋ-ਘੱਟ 50% ਨੰਬਰਾਂ ਨਾਲ ਪਾਸ ਕੀਤੀ ਹੋਵੇ ਦਾਖ਼ਲਾ ਲੈਣ ਯੋਗ ਹੋਵੇਗਾ। ਐਮ.ਕਾਮ.ਭਾਗ ਪਹਿਲਾ ਅਤੇ ਐਮ.ਕਾਮ. ਬਿਜ਼ਨਸ ਇਨੋਵੇਸ਼ਨ ਭਾਗ ਪਹਿਲਾ ਦਾ ਦਾਖ਼ਲਾ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਮੈਰਿਟ ਅਨੁਸਾਰ ਹੋਵੇਗਾ।



CamScanner

**ਐਮ.ਕਾਮ. ਭਾਗ ਦੂਜਾ**

ਜਿਨਾਂ ਵਿਦਿਆਰਥੀਆਂ ਨੇ ਐਮ. ਕਾਮ. ਦਾ ਪਹਿਲਾ ਸਮੈਸਟਰ ਪਾਸ ਕੀਤਾ ਹੋਵੇ ਅਤੇ ਦੂਜੇ ਸਮੈਸਟਰ ਦਾ ਯੂਨੀਵਰਸਿਟੀ ਪ੍ਰੀਖਿਆ ਫ਼ਾਰਮ ਭਰਿਆ ਹੋਵੇ, ਉਹ ਵਿਦਿਆਰਥੀ ਐਮ. ਕਾਮ. ਭਾਗ ਦੂਜਾ ਵਿਚ ਦਾਖ਼ਲਾ ਲੈ ਸਕਦੇ ਹਨ।

**ਬੀ.ਸੀ.ਏ. ਭਾਗ ਪਹਿਲਾ**

ਬੀ.ਸੀ.ਏ. ਭਾਗ ਪਹਿਲਾ ਵਿਚ ਦਾਖ਼ਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਰਧਾਰਿਤ ਸ਼ਰਤਾਂ/ਨਿਯਮਾਂ ਅਨੁਸਾਰ ਹੋਵੇਗਾ ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪ੍ਰਵਾਨਤ ਸੰਸਥਾ ਤੋਂ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਉਹ ਦਾਖ਼ਲਾ ਲੈਣ ਦਾ ਪਾਤਰ ਹੋਵੇਗਾ।

**ਬੀ.ਸੀ.ਏ. ਭਾਗ ਦੂਜਾ**

ਬੀ.ਸੀ.ਏ. ਭਾਗ ਦੂਜਾ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇਗਾ, ਜਿਨਾਂ ਨੇ ਬੀ.ਸੀ.ਏ. ਭਾਗ ਪਹਿਲਾ ਦੇ ਪਹਿਲਾ ਸਮੈਸਟਰ ਨੂੰ ਪਾਸ ਕੀਤਾ ਹੋਵੇ ਅਤੇ ਦੂਜੇ ਸਮੈਸਟਰ ਦਾ ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਿਆ ਹੋਵੇ ਅਤੇ ਪਹਿਲੇ ਦੋ ਸਮੈਸਟਰਾਂ ਦੇ ਕੁੱਲ ਪੇਪਰਾਂ ਵਿੱਚੋਂ ਘੱਟੋ ਘੱਟ 50% ਪੇਪਰਾਂ ਵਿੱਚੋ ਪਾਸ ਹੋਵੇ।

**ਬੀ.ਸੀ.ਏ. ਭਾਗ ਤੀਜਾ**

ਬੀ.ਸੀ.ਏ. ਭਾਗ ਤੀਜਾ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇਗਾ ਜਿਨਾਂ ਨੇ ਬੀ.ਸੀ.ਏ. ਭਾਗ ਦੂਜਾ ਦੇ ਤੀਜਾ ਸਮੈਸਟਰ ਨੂੰ ਪਾਸ ਕੀਤਾ ਹੋਵੇ ਅਤੇ ਚੋਥੇ ਸਮੈਸਟਰ ਦਾ ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਿਆ ਹੋਵੇ ।

**ਅਕਾਦਮਿਕ ਸੈਸ਼ਨ 2022-23 ਦੌਰਾਨ ਪੜ੍ਹਾਏ ਜਾਣ ਵਾਲੇ ਵਿਸ਼ੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵੈਬਸਾਈਟ www.punjabiuniversity.ac.in ਤੇ ਵੇਖੇ ਜਾ ਸਕਦੇ ਹਨ।**

## ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ (ਮੁੱਢਲਾ ਗਿਆਨ) ਦਾ ਵਿਸ਼ਾ ਦੇਣ ਬਾਰੇ ਨਿਯਮ
## (RULES REGARDING PUNJABI (ELEMENTARY KNOWLEDGE) IN LIEU OF PUNJABI COMPULSORY)

ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੇ ਕੇਸ ਦਾਖ਼ਲੇ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਦਸਤਾਵੇਜ਼ਾਂ ਸਹਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪ੍ਰਵਾਨਗੀ ਹਿੱਤ ਭੇਜੇ ਜਾਣਗੇ:-

1. ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ।
2. ਡਿਫੈਂਸ ਪਰਸੋਨਲ/ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿਚ ਹੋਵੇ) ਦੇ ਬੱਚੇ ਵੀ ਪੰਜਾਬੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਜਾਂ ਗਾਰਡੀਅਨ ਵੀ ਐਫੀਡੈਵਿਟ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

## ਪੰਜਾਬ ਤੋਂ ਬਾਹਰ ਦੇ ਸਿੱਖਿਆ ਬੋਰਡਾਂ/ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਦਾਖਲੇ ਸੰਬੰਧੀ ਵਿਸ਼ੇਸ਼ ਹਦਾਇਤਾਂ
## (SPECIAL INSTRUCTIONS FOR STUDENTS OF EDUCATION BOARDS / UNIVERSITIES FROM OUTSIDE PUNJAB)

1. ਜਿਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਬੋਰਡਾਂ ਅਤੇ ਸੀ.ਬੀ.ਐਸ.ਸੀ./ਆਈ.ਸੀ.ਐਸ.ਸੀ. ਤੋਂ ਇਲਾਵਾ ਬਾਹਰਲੇ ਬੋਰਡਾਂ ਤੋਂ ਪਾਸ ਕੀਤੀ ਹੋਵੇ ਉਨ੍ਹਾਂ ਨੂੰ ਦਾਖ਼ਲੇ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖ਼ਲੇ ਤੇ ਵਿਚਾਰ ਕੀਤਾ ਜਾਵੇਗਾ।
2. ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਸੰਬੰਧਿਤ ਵਿਦਿਆਰਥੀਆਂ ਦੁਆਰਾ ਦਾਖ਼ਲਾ ਲੈਣ ਤੋਂ ਇੱਕ ਮਹੀਨੇ ਦੇ ਅੰਦਰ ਆਪਣਾ ਅਸਲ ਨੰਬਰ ਕਾਰਡ ਅਤੇ ਅਸਲ ਮਾਇਗਰੇਸ਼ਨ ਸਰਟੀਫਿਕੇਟ (Original DMC and Migration Certificate) ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਾਉਣਾ ਹੋਵਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਯੂਨੀਵਰਸਿਟੀ ਦੁਆਰਾ ਲੇਟ ਫੀਸ ਲਈ ਜਾਂਦੀ ਹੈ, ਜਿਸ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵਗਾ।
3. ਜਿਹੜੇ ਵਿਦਿਆਰਥੀ ਬੀ. ਏ., ਬੀ. ਐਸ. ਸੀ/ ਬੀ. ਕਾਮ/ ਬੀ. ਸੀ. ਏ. ਭਾਗ ਪਹਿਲਾ ਅਤੇ ਭਾਗ ਦੂਜਾ ਅਤੇ ਬਾਕੀ ਸੰਬੰਧਤ ਪ੍ਰੀਖਿਆਵਾਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕਰਕੇ ਇਸ ਯੂਨੀਵਰਸਿਟੀ ਵਿਖੇ ਦਾਖ਼ਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫੀਸਿਟ ਪਰਚੇ ਦੇ ਕੇਸ ਲੋੜੀਂਦੇ ਆਦੇਸ਼ਾਂ ਹਿੱਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੁੱਜਦੇ ਕਰਨਗੇ ।



CamScanner

4. ਸਲਾਨਾ ਪ੍ਰੀਖਿਆਵਾਂ ਤੇ ਪੁਨਰ ਮਲਾਂਕਣ ਦੇ ਨਤੀਜੇ ਤੋਂ ਬਾਅਦ ਅਗਲੀ ਕਲਾਸ ਵਿਚ ਨਿਯਮਾਂ ਅਨੁਸਾਰ ਬਣਦੇ ਦਾਖ਼ਲੇ ਦੇ ਪਾਤਰ ਵਿਦਿਆਰਥੀਆਂ ਨੂੰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 15 ਕੰਮ ਕਾਜੀ ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਨਾਲ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਾਖ਼ਲਾ ਦਿੱਤਾ ਜਾ ਸਕਦਾ ਹੈ ਅਤੇ ਅਜਿਹੇ ਵਿਦਿਆਰਥੀਆਂ ਦੇ ਲੈਕਚਰ ਦਾਖ਼ਲੇ ਦੀ ਮਿਤੀ ਤੋਂ ਗਿਣੇ ਜਾਣਗੇ।

## ਯੂਨੀਵਰਸਿਟੀ ਪ੍ਰੀਖਿਆਵਾਂ ਲਈ ਪਾਤਰਤਾ

## (ELIGIBILITY FOR UNIVERSITY EXAMINATION)

ਪ੍ਰਿੰਸੀਪਲ ਤੋਂ ਨਿਮਨਲਿਖਤ ਸਰਟੀਫਿਕੇਟ ਪੇਸ਼ ਕਰਨ ਉਪਰੰਤ ਹੀ ਵਿਦਿਆਰਥੀ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਹੋਵੇਗਾ:

1. ਵਿਦਿਆਰਥੀ ਨੂੰ ਅਕਾਦਮਿਕ ਸਾਲ ਦੌਰਾਨ ਹਰੇਕ ਪੇਪਰ/ਵਿਸ਼ੇ, ਟਿਊਟੋਰਿਅਲ ਦੇ ਲੈਕਚਰਾਂ ਦੀ ਕੁੱਲ ਸੰਖਿਆ ਦੇ ਘੱਟ ਤੋਂ ਘੱਟ 75% ਲੈਕਚਰ ਲਗਾਉਣੇ ਜ਼ਰੂਰੀ ਹੋਣਗੇ।
2. ਹਰੇਕ ਸਮੈਸਟਰ ਦੌਰਾਨ ਘਰੇਲੂ ਪ੍ਰੀਖਿਆ ਪਾਸ ਕਰਨੀ ਜ਼ਰੂਰੀ ਹੈ।

## ਇੰਟਰਨਲ ਅਸੈਸਮੈਂਟ

## (INTERNAL ASSESSMENT)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਿਯਮਾਂ ਦੇ ਅਨੁਸਾਰ ਚੱਲ ਰਹੇ ਕੋਰਸਾਂ ਦੀ ਇੰਟਰਨਲ ਅਸੈਸਮੈਂਟ ਦੀ ਵਿਵਸਥਾ:

**BACHELOR OF COMMERCE (B.COM.) & MASTER OF COMMERCE (M.COM.)**

| | |
|---|---|
| INTERNAL ASSESSMENT | Total Marks 30 |
| ● Class Test (40%)<br>(Two Tests in each semester out of which better will be taken for internal assessment) | 12 Marks |
| ● Assignment (40%)<br>(Assignment shall be based upon Journals/Magazines/ New Papers/Research Work/Industrial Visits) | 12 Marks |
| ● Class Participation/Performance/SNAP Test (20%)<br>Internal Assessment | 6 Marks |

**BACHELOR OF COMPUTER APPLICATIONS (B.C.A.)**

| | |
|---|---|
| CONTINUOUS ASSESSMENT (THEORY PAPERS) | Total Marks: 25 |
| • Class Test (60%)<br>(Two tests out of better will be considered for assessment.) | 15 Marks |
| • Attendance (20%) | 5 Marks |
| • Class participation and behaviour (20%) | 5 Marks |
| CONTINUOUS ASSESSMENT (PRACTICAL PAPERS) | Total Marks: 40 |

**MASTER OF INFORMATION TECHNOLOGY (M.Sc.-IT)**

| | |
|---|---|
| CONTINUOUS ASSESSMENT (THEORY PAPERS) | Total Marks: 30 |
| • Class Test (60%)<br>(Two tests will be conducted during the Semester. | 18 Marks |

both the tests will be considered for assessment.)

- Assessment/Quiz (20%) 6 Marks
- Attendance (10%) 3 Marks
- Class Participation and behaviour (10%) 3 Marks

CONTINUOUS ASSESSMENT (PRACTICAL PAPERS) Total Marks: 30

**ਨੋਟ:-ਇਹ ਮਾਪਿਆਂ ਦੀ ਜਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਬੱਚਿਆਂ ਦੇ ਐਮ.ਐਸ.ਟੀ ਪ੍ਰੀਖਿਆ ਦੇ ਨਤੀਜਿਆਂ ਅਤੇ ਲੈਕਚਰ ਸ਼ਾਰਟੇਜ ਤੋਂ ਜਾਣੂ ਰਹਿਣ ਲਈ ਕਾਲਜ ਅਧਿਆਪਕਾਂ ਨਾਲ ਲਗਾਤਾਰ ਸੰਪਰਕ ਵਿੱਚ ਰਹਿਣ।**

## ਦਾਖ਼ਲੇ ਦੇ ਨਿਯਮ (ADMISSION RULES)

1. ਕਾਲਜ ਵਿੱਚ ਦਾਖ਼ਲਾ ਮੈਰਿਟ ਦੇ ਆਧਾਰ ਤੇ ਦਿੱਤਾ ਜਾਂਦਾ ਹੈ।
2. **ਐਂਟਰੀ ਪੁਆਇੰਟ ਦੇ ਦਾਖ਼ਲੇ (B.Com Part-I, B.Com Honours Part-I, M.Com Part-I, M.Com Business Innovations Part-I, BCA Part-I, https://admission.punjab.gov.in. ਰਾਹੀਂ ਹੋਣਗੇ।**
3. ਜੇਕਰ ਕਿਸੇ ਕੋਰਸ ਵਿੱਚ ਦਾਖ਼ਲੇ ਲਈ ਪ੍ਰਾਰਥੀਆਂ ਦੀ ਗਿਣਤੀ ਨਿਯਤ ਮਿਤੀ ਤੱਕ ਉਪਲੱਬਧ ਸੀਟਾਂ ਤੋਂ ਘੱਟ ਹੋਵੇਗੀ ਤਾਂ ਉਸ ਕੋਰਸ ਵਿਚ ਦਾਖ਼ਲਾ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।
4. ਦਾਖ਼ਲਾ ਫ਼ਾਰਮ ਵਿੱਚ 'ਕੈਟਾਗਰੀ' ਜਿਸ ਅਧੀਨ ਉਮੀਦਵਾਰ ਦਾਖ਼ਲਾ ਲੈਣਾ ਚਾਹੁੰਦਾ ਹੈ, ਸਪਸ਼ਟ ਰੂਪ ਵਿੱਚ ਭਰੀ ਹੋਣੀ ਚਾਹੀਦੀ ਹੈ।
5. ਪੰਜਾਬ ਤੋਂ ਬਾਹਰ ਦੇ ਬੋਰਡਾਂ ਜਾਂ ਯੂਨੀਵਰਸਿਟੀਆਂ ਤੋਂ ਆਏ ਵਿਦਿਆਰਥੀਆਂ ਨੂੰ ਦਾਖ਼ਲਾ ਪੰਜਾਬੀ ਯੂਨਿਵਰਸਿਟੀ ਦੇ ਨਿਯਮਾਂ ਅਧੀਨ ਹੀ ਦਿੱਤਾ ਜਾਵੇਗਾ।
6. ਕਿਸੇ ਪ੍ਰਕਾਰ ਦੀ ਗਲਤ ਜਾਂ ਅਧੂਰੀ ਸੂਚਨਾ ਕਾਰਨ ਜਾਂ ਨਿਯਮਾਂ ਦੀ ਗਲਤ ਵਿਆਖਿਆ ਕਾਰਨ ਹੋਏ ਗਲਤ ਦਾਖ਼ਲੇ ਦੀ ਜਿੰਮੇਵਾਰੀ ਪ੍ਰਾਰਥੀ ਦੀ ਆਪਣੀ ਹੋਵੇਗੀ ਅਤੇ ਦਾਖ਼ਲਾ ਰੱਦ ਹੋਣ ਦੀ ਸੂਰਤ ਵਿੱਚ ਜਮ੍ਹਾਂ ਕਰਵਾਏ ਫੰਡਜ਼ / ਫ਼ੀਸ ਨਿਯਮਾਂ ਅਨੁਸਾਰ ਵਾਪਸ ਕੀਤੇ ਜਾਣਗੇ।
7. ਦਾਖ਼ਲਾ ਫਾਰਮ ਉੱਤੇ ਪਿਤਾ/ਮਾਤਾ ਦੇ ਹਸਤਾਖਰ ਨਿਯਤ ਥਾਂ ਉੱਤੇ ਹੋਣੇ ਜ਼ਰੂਰੀ ਹਨ।
8. ਯੂਨੀਵਰਸਿਟੀ ਪ੍ਰੀਖਿਆ ਵਿੱਚ ਫੇਲ੍ਹ ਹੋਏ, ਪ੍ਰੀਖਿਆ ਤੋਂ ਰੋਕੇ ਗਏ, ਯੂਨੀਵਰਸਿਟੀ ਪ੍ਰੀਖਿਆ ਵਿੱਚ ਗੈਰ-ਹਾਜ਼ਰ ਜਾਂ ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਮੁੜ ਉਸੇ ਕਲਾਸ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਬੈਠਣ ਤੋਂ ਵਰਜਿਤ ਕੀਤੇ ਗਏ ਵਿਦਿਆਰਥੀਆਂ ਦਾ ਦਾਖ਼ਲਾ ਮੁੱਢ ਤੋਂ ਹੀ ਰੱਦ ਕਰ ਦਿੱਤਾ ਜਾਵੇਗਾ।
9. ਕਿਸੇ ਸ਼੍ਰੇਣੀ ਦਾ ਇਮਤਿਹਾਨ ਕਿਸੇ ਵੀ ਯੂਨੀਵਰਸਿਟੀ ਤੋਂ ਪਾਸ ਕਰ ਲੈਣ ਵਾਲੇ ਵਿਦਿਆਰਥੀ ਨੂੰ ਡਵੀਜ਼ਨ ਦੇ ਸੁਧਾਰ ਲਈ ਉਸੇ ਜਮਾਤ ਵਿੱਚ ਦੁਬਾਰਾ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
10. ਜੇਕਰ ਕਿਸੇ ਕਲਾਸ ਦਾ ਨਤੀਜਾ ਪੰਜਾਬ ਸਕੂਲ ਸਿੱਖਿਆ ਬੋਰਡ/ ਪੰਜਾਬੀ ਯੂਨੀਵਰਸਿਟੀ ਵੱਲੋਂ ਨਿਯਤ ਮਿਤੀ ਤੱਕ ਘੋਸ਼ਿਤ ਨਹੀਂ ਕੀਤਾ ਜਾਂਦਾ ਤਾਂ ਦਾਖ਼ਲੇ ਦੀ ਅਗਲੀ ਮਿਤੀ ਦੀ ਸੂਚਨਾ, ਕਾਲਜ ਦੇ ਨੋਟਿਸ ਬੋਰਡ/ਵੈਬਸਾਈਟ 'ਤੇ ਲਗਾ ਦਿੱਤੀ ਜਾਵੇਗੀ। ਇਹ ਸਹੂਲਤ ਕਿਸੇ ਵਿਸ਼ੇਸ਼ ਉਮੀਦਵਾਰ ਦਾ ਨਤੀਜਾ ਦੇਰ ਨਾਲ ਨਿਕਲਨ ਜਾਂ ਬਾਹਰਲੇ ਬੋਰਡ/ ਯੂਨੀਵਰਸਿਟੀ ਦੇ ਉਮੀਦਵਾਰਾਂ ਲਈ ਨਹੀਂ ਹੋਵੇਗੀ।
11. ਬੀ. ਕਾਮ. ਭਾਗ ਦੂਜਾ ਅਤੇ ਤੀਜਾ ਵਿੱਚ ਸੀਟਾਂ ਉਪਲੱਬਧ ਹੋਣ ਤੇ ਹੀ ਬਾਹਰਲੇ ਵਿਦਿਆਰਥੀਆਂ ਨੂੰ ਦਾਖ਼ਲੇ ਲਈ ਮੈਰਿਟ ਦੇ ਅਧਾਰ ਤੇ ਵਿਚਾਰਿਆ ਜਾਵੇਗਾ।
12. ਦਾਖ਼ਲੇ ਸੰਬੰਧੀ ਆਨਲਾਈਨ ਕਾਊਂਸਲਿੰਗ ਦੀਆਂ ਮਿਤੀਆਂ ਸਮੇਂ-ਸਮੇਂ ਤੇ ਕਾਲਜ ਦੀ ਵੈਬਸਾਈਟ ਤੇ ਦੇਖੀਆਂ ਜਾ ਸਕਦੀਆਂ ਹਨ।
13. **ਪ੍ਰਿੰਸੀਪਲ ਆਪਣੇ ਵਿਵੇਕ-ਅਧਿਕਾਰ (Discretionary Powers) ਅਨੁਸਾਰ ਕਿਸੇ ਵੀ ਵਿਦਿਆਰਥੀ ਨੂੰ ਕਾਲਜ ਵਿੱਚ ਦਾਖ਼ਲਾ ਦੇਣ ਤੋਂ ਇਨਕਾਰ ਕਰ ਸਕਦੇ ਹਨ। ਦਾਖ਼ਲੇ ਦੇ ਨਿਯਮਾਂ ਦੀ ਵਿਆਖਿਆ ਅਤੇ ਸੋਧ ਦਾ ਅਧਿਕਾਰ ਕਾਲਜ ਪ੍ਰਿੰਸੀਪਲ ਨੂੰ ਹੀ ਹੋਵੇਗਾ।**



CamScanner

## ਦਾਖ਼ਲੇ ਲਈ ਰਾਖਵੀਆਂ ਸੀਟਾਂ

### (RESERVATION OF SEATS AS PER PUNJAB GOVT. RULES)

1. **ਰਾਖਵੀਆਂ ਸੀਟਾਂ ਦਾ** ਦਾਖ਼ਲਾ ਪੰਜਾਬ ਸਰਕਾਰ ਦੇ ਰਾਖਵੇਂਕਰਨ ਦੀ ਨੀਤੀ ਅਨੁਸਾਰ ਹੋਵੇਗਾ ਜੋ ਕਿ ਪੰਜਾਬ ਸਰਕਾਰ ਦੇ ਦਾਖ਼ਲਾ ਪੋਰਟਲ https:/admission.punjab.gov.in ਉੱਪਰ ਉਪਲੱਬਧ ਹੈ।

**2. ਪੇਂਡੂ ਖੇਤਰ ਦੇ ਸਕੂਲਾਂ ਤੋਂ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਦਾਖ਼ਲਾ ਲੈਣ ਸੰਬੰਧੀ ਹਦਾਇਤਾਂ –**

ੳ) ਉਮੀਦਵਾਰ ਨੇ ਦਸਵੀਂ / 10+2 ਦੀ ਪ੍ਰੀਖਿਆ ਕਿਸੇ ਅਜਿਹੇ ਪੇਂਡੂ ਸਕੂਲ ਤੋਂ ਪਾਸ ਕੀਤੀ ਹੋਵੇ ਜਿਹੜਾ ਸਕੂਲ ਕਿਸੇ ਮਿਊਂਸਪਲ ਕਾਰਪੋਰੇਸ਼ਨ /ਮਿਊਂਸੀਪਲ ਕਮੇਟੀ / ਸਮਾਲ ਟਾਊਨ / ਨੋਟੀਫਾਈਡ ਏਰੀਆ ਦੇ ਘੇਰੇ ਵਿਚ ਨਾ ਆਉਂਦਾ ਹੋਵੇ।

ਅ) ਅਜਿਹੇ ਉਮੀਦਵਾਰਾਂ ਲਈ ਅਖੀਰਲੀ ਪ੍ਰੀਖਿਆ ਤੋਂ ਪਹਿਲਾਂ ਘੱਟੋ ਘੱਟ ਪੰਜ ਸਾਲ ਲਈ ਪੇਂਡੂ ਖੇਤਰ ਦੇ ਸਕੂਲ ਦਾ ਵਿਦਿਆਰਥੀ ਹੋਣਾ ਲਾਜ਼ਮੀ ਹੋਵਗਾ।

ੲ) ਸੰਬੰਧਤ ਖੇਤਰ ਦੇ ਤਹਿਸਲੀਦਾਰ / DDPO / BDPO ਤੋਂ ਇਹ ਸਰਟੀਫਿਕੇਟ ਪੇਸ਼ ਕਰਨਾ ਹੋਵਗਾ ਕਿ ਉਸਨੇ ਦਸਵੀਂ / 10+2 ਦੀ ਪ੍ਰੀਖਿਆ ਜਿਸ ਸਕੂਲ ਵਿਚੋਂ ਪਾਸ ਕੀਤੀ ਹੈ, ਉਹ ਸਕੂਲ ਪੇਂਡੂ ਖੇਤਰ ਵਿਚ ਹੈ।

ਸ) ਇਨ੍ਹਾਂ ਵਿਦਿਆਰਥੀਆਂ ਵਲੋਂ ਨਿਰਧਾਰਿਤ ਪ੍ਰਫਾਰਮਾ, ਜੋ ਕਾਲਜ ਦੇ ਪ੍ਰਾਸਪੈਕਟ ਨਾਲ ਨੱਥੀ ਹੈ, ਇੰਟਰਵਿਊ ਦੇ ਸਮੇਂ ਭਰ ਕੇ ਦਿੱਤਾ ਜਾਣਾ ਲਾਜ਼ਮੀ ਹੈ।

**3. ਸਪੋਰਟਸ ਕੈਟਾਗਰੀ ਦੇ ਅਧੀਨ ਦਾਖ਼ਲਾ ਲੈਣ ਸੰਬੰਧੀ ਹਦਾਇਤਾਂ –**

ੳ) ਖੇਡਾਂ ਦੇ ਆਧਾਰ ਤੇ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਖੇਡਾਂ ਦੇ ਸਰਟੀਫਿਕੇਟ ਦੀ ਗਰੇਡੇਸ਼ਨ ਅਨੁਸਾਰ ਪਹਿਲ ਦਿੱਤੀ ਜਾਵੇਗੀ।

ਅ) ਜੇ ਵਿਦਿਆਰਥੀ ਕੋਲ ਗਰੇਡੇਸ਼ਨ ਨਹੀਂ ਹੈ ਤਾਂ ਵਿਦਿਆਰਥੀ ਦਾ ਦਾਖ਼ਲਾ ਐਗਜ਼ੈਕਟਿਵ ਮੈਜਿਸਟ੍ਰੇਟ ਦੇ ਐਫੀਡੇਵਿਟ ਪੇਸ਼ ਕਰਨ ਦੇ ਆਧਾਰ ਤੇ ਹੋਵੇਗਾ।

ੲ) ਦਾਖ਼ਲਾ ਖੇਡਾਂ ਦੇ ਸਰਟੀਫਿਕੇਟ ਦੀ ਮੈਰਿਟ ਦੇ ਆਧਾਰ ’ਤੇ ਹੀ ਹੋਵੇਗਾ।

## ਦਸਤਾਵੇਜ਼/ਸਰਟੀਫਿਕੇਟ ਵੈਰੀਫਿਕੇਸ਼ਨ

ਦਾਖ਼ਲੇ ਸਮੇਂ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ ਵੈਰੀਫਾਈ ਕਰਨ ਦੀ ਮਿਤੀ ਬਾਅਦ ਵਿੱਚ ਨੋਟਿਸ ਬੋਰਡ/ਕਾਲਜ ਵੈੱਬਸਾਈਟ ਰਾਹੀਂ ਦੱਸ ਦਿੱਤੀ ਜਾਵੇਗੀ। ਹੇਠ ਲਿਖੇ ਦਸਤਾਵੇਜ਼ ਦਾਖ਼ਲਾ ਕਮੇਟੀ ਵੱਲੋਂ ਵੈਰੀਫਾਈ ਕੀਤੇ ਜਾਣਗੇ:-

(ੳ) ਜਨਮ ਮਿਤੀ ਦਾ ਸਰਟੀਫਿਕੇਟ

(ਅ) ਆਚਰਣ ਸਰਟੀਫਿਕੇਟ

(ੲ) ਪਾਸ ਕੀਤੀ ਹੋਈ ਪ੍ਰੀਖਿਆ ਦੇ ਸਰਟੀਫ਼ਿਕੇਟ

(ਸ) ਰਾਖਵੇਕਰਨ ਨਾਲ ਸੰਬੰਧਿਤ ਲੋੜੀਂਦੇ ਸਰਟੀਫਿਕੇਟ

## ਫ਼ੀਸ ਅਦਾਇਗੀ ਦੇ ਨਿਯਮ

### (RULES REGARDING PAYMENT OF FEES)

1. ਫ਼ੀਸ ਨਿਰਧਾਰਿਤ ਮਿਤੀਆਂ ਤੱਕ ਦੇਣੀ ਲਾਜ਼ਮੀ ਹੈ। ਜੇਕਰ ਫੰਡ, ਫ਼ੀਸ ਤੇ ਜੁਰਮਾਨੇ ਮਿੱਥੀ ਮਿਤੀ ਤੱਕ ਜਮਾਂ ਨਹੀਂ ਕਰਵਾਏ ਜਾਂਦੇ ਤਾਂ ਵਿਦਿਆਰਥੀ ਦਾ ਨਾਂ ਕਾਲਜ-ਰੋਲਜ਼ ਤੋਂ ਕੱਟ ਦਿੱਤਾ ਜਾਵੇਗਾ। ਇਸ ਸੰਬੰਧ ਵਿਚ ਦੁਬਾਰਾ ਸੂਚਨਾ ਜਾਰੀ ਨਹੀਂ ਕੀਤੀ ਜਾਵੇਗੀ।
2. ਜੋ ਵੀ ਅਦਾਇਗੀ ਕੀਤੀ ਜਾਂਦੀ ਹੈ, ਉਸ ਦੀ ਰਸੀਦ ਲਈ ਜਾਵੇ।
3. ਫ਼ੀਸ ਵਿੱਚ ਤਬਦੀਲੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।
4. ਜੇਕਰ ਕੋਈ ਵਿਦਿਆਰਥੀ ਦਾਖ਼ਲਾ ਲੈਣ ਉਪਰੰਤ ਆਪਣੀ ਸੀਟ ਛੱਡ ਦਿੰਦਾ ਹੈ ਤਾਂ ਉਸ ਦੀ ਫੀਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਰੀਫੰਡ ਕੀਤੀ ਜਾਵੇਗੀ।
5. ਜੇਕਰ ਕੋਈ ਵਿਦਿਆਰਥੀ ਸ਼ੈਸ਼ਨ ਦੌਰਾਨ ਪੜ੍ਹਾਈ ਛੱਡ ਜਾਂਦਾ ਹੈ ਅਤੇ ਮੁੜ ਦਾਖ਼ਲਾ ਲੈਂਦਾ ਹੈ ਤਾਂ ਉਸਨੂੰ ਮੌਜੂਦਾ ਸੈਸ਼ਨ ਦੇ ਵਿਦਿਆਰਥੀਆਂ ਦੇ ਬਰਾਬਰ ਟਿਊਸ਼ਨ ਫ਼ੀਸ ਅਤੇ ਫੰਡ ਭਰਵਾਉਣੇ ਹੋਣਗੇ।



CamScanner

## ਫ਼ੀਸ ਅਤੇ ਹੋਰ ਫੰਡ (FEES AND OTHER FUNDS)

ਜਿਸ ਵਿਦਿਆਰਥੀ ਦਾ ਪ੍ਰੋਵੀਜ਼ਨਲ ਦਾਖ਼ਲਾ ਹੁੰਦਾ ਹੈ ਉਹ ਵਿਦਿਆਰਥੀ ਚਲਾਨ ਵਿਚ ਦਰਸਾਈ ਮਿਤੀ ਤੱਕ ਬੈਂਕ ਵਿਚ ਫ਼ੀਸ ਜਮ੍ਹਾਂ ਕਰਵਾਏਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵਿਦਿਆਰਥੀ ਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

| | | B.Com -I | B.Com-II | B.Com-III | M.Com-I | M.Com-II |
|---|---|---|---|---|---|---|
| 1 | ਦਾਖ਼ਲਾ ਫ਼ੀਸ | 10 | 10 | 10 | 15 | 15 |
| 2 | ਟਿਊਸ਼ਨ ਫ਼ੀਸ (ਕੇਵਲ ਲੜਕਿਆਂ ਤੋਂ ਬੀ.ਕਾਮ ਤੱਕ) | 144 | 144 | 144 | 180 | 180 |
| 3 | ਯੂਨੀਵਰਸਿਟੀ ਰਜਿਸਟ੍ਰੇਸ਼ਨ ਫ਼ੀਸ | 3940 | 1850 | 1850 | 1850 | 1850 |
| 4 | ਕਾਲਜ ਦੇ ਸਲਾਨਾ ਫੰਡਜ਼ | 697 | 697 | 697 | 697 | 697 |
| 5 | ਯੂਨੀਵਰਸਿਟੀ ਪ੍ਰੀਖਿਆ ਫ਼ੀਸ (ਦੋਨੋ ਸਮੈਸਟਰ) | 3750 | 3200 | 3200 | 3300 | 3300 |
| 6 | ਕਾਲਜ ਲੈਬ ਚਾਰਜਿਜ਼ | 120 | - | - | - | - |
| 7 | ਪ੍ਰੀਖਿਆ ਫ਼ਾਰਮ ਫ਼ੀਸ (ਦੋਨੋ ਸਮੈਸਟਰ) | 240 | 240 | 240 | 240 | 240 |
| 8 | ਲਾਇਬਰੇਰੀ ਸਕਿਉਰਟੀ ਕੇਵਲ ਨਵੇਂ ਦਾਖਲੇ ਲਈ | 150 | - | - | 150 | - |
| 9 | ਈ-ਗਵਰਨੈਂਸ ਚਾਰਜਿਜ਼ | 200 | 200 | 200 | 200 | 200 |
| 10 | ਪੀ.ਟੀ.ਏ. ਫੰਡ | 1800 | 1800 | 1800 | 1800 | 1800 |
| | ਕੁੱਲ ਫ਼ੀਸ (ਲੜਕਿਆਂ ਲਈ) | 11051 | 8141 | 8141 | 8432 | 8282 |
| | ਕੁੱਲ ਫ਼ੀਸ (ਲੜਕੀਆਂ ਲਈ) | 10907 | 7997 | 7997 | 8432 | 8282 |
| 11 | ਮਾਇਗਰੇਸ਼ਨ ਫੀਸ ਪੰਜਾਬ ਤੋਂ ਬਾਹਰਲੇ ਆਏ ਬੋਰਡਾਂ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਇਲਾਵਾ ਆਏ ਵਿਦਿਆਰਥੀਆਂ ਲਈ | 170 | 170 | 170 | 170 | 170 |
| | ਸਾਇਕਲ ਪਾਰਕਿੰਗ ਫ਼ੀਸ (ਸਲਾਨਾ) | 120 | 120 | 120 | 120 | 120 |
| | ਸਕੂਟਰ/ਮੋਟਰ ਸਾਇਕਲ ਪਾਰਕਿੰਗ ਫ਼ੀਸ (ਸਲਾਨਾ) | 240 | 240 | 240 | 240 | 240 |

**ਨੋਟ: ਫ਼ੀਸ ਸੰਬੰਧੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਲਾਗੂ ਹੋਣਗੀਆਂ।**

**ਵਿਸ਼ੇਸ਼ ਨੋਟ :**

(1) **ਪੋਸਟ ਮੈਟ੍ਰਿਕ ਸਕਾਰਲਰਸ਼ਿਪ ਸਕੀਮ** ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਦਾਖ਼ਲਾ ਫ਼ੀਸ ਅਤੇ ਦੂਸਰੇ ਅਤੇ ਹੋਰ ਫੰਡ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਹੀ ਲਏ ਜਾਣਗੇ।

(2) ਦਾਖ਼ਲਾ ਲੈਣ ਵਾਲੇ ਐਸ.ਸੀ./ਐਸ.ਟੀ ਵਿਦਿਆਰਥੀ ਦੀ ਪਰਿਵਾਰਕ ਸਲਾਨਾ ਆਮਦਨ 2.5 ਲੱਖ ਰੁਪਏ ਤੱਕ ਹੋਵੇ।

(3) ਫੀਸ ਮੁਆਫ਼ੀ ਦੇ ਲਈ ਯੋਗ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਤੋਂ ਫ਼ਰੀਸ਼ਿਪ ਕਾਰਡ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।

(4) ਵਿਦਿਆਰਥੀ ਨੂੰ ਪੰਜਾਬ ਸਰਕਾਰ ਦੇ ਆਸ਼ੀਰਵਾਦ ਪੋਰਟਲ ਤੇ ਆਨਲਾਈਨ ਅਪਲਾਈ ਕਰਨਾ ਲਾਜ਼ਮੀ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਤੋਂ ਪੂਰੀ ਫ਼ੀਸ ਵਸੂਲ ਕੀਤੀ ਜਾਵੇਗੀ।

**ਜ਼ਰੂਰੀ ਦਸਤਾਵੇਜ਼**

ਦਾਖ਼ਲੇ ਵਾਲੇ ਦਿਨ ਸਾਰੇ ਜ਼ਰੂਰੀ ਦਸਤਾਵੇਜ਼ ਨਾਲ ਲੈ ਕੇ ਆਉਣ:-

1. ਫ਼ਰੀਸ਼ਿਪ ਕਾਰਡ
2. ਅਸਲ ਆਮਦਨ ਸਰਟੀਫਿਕੇਟ ਜੋ ਕਿ ਤਹਿਸੀਲਦਾਰ ਵੱਲੋਂ ਜਾਰੀ ਹੋਵੇ
3. ਜਾਤੀ ਸਰਟੀਫਿਕੇਟ ਦੀ ਕਾਪੀ
4. ਮੈਟ੍ਰਿਕ ਸਰਟੀਫਿਕੇਟ ਦੀ ਕਾਪੀ
5. ਆਖਰੀ ਨਤੀਜਾ ਦੀ ਕਾਪੀ
6. ਸੰਬੰਧਤ ਵਿਦਿਆਰਥੀ ਦੇ ਬੈਂਕ ਅਕਾਊਂਟ ਦੀ ਕਾਪੀ
7. ਵਿਦਿਆਰਥੀ ਦਾ ਅਧਾਰ ਕਾਰਡ
8. ਜੇਕਰ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਤਾਂ ਸਰਪ੍ਰਸਤ ਮੈਂਬਰ ਦੇ ਅਧਾਰ ਕਾਰਡ ਦੀ ਕਾਪੀ ਜਿਵੇਂ ਕਿ ਦਾਦਾ-ਦਾਦੀ, ਨਾਨਾ-ਨਾਨੀ ਆਦਿ
9. ਜੇਕਰ ਵਿਦਿਆਰਥੀ ਦਾ ਕੇਸ ਰੀਨਿਊਅਲ ਹੈ ਤਾਂ ਪਿਛਲੇ ਸਾਲ ਅਪਲਾਈ ਕੀਤੇ ਆਨ ਲਾਈਨ ਫ਼ਾਰਮ ਦੀ ਫੋਟੋ ਕਾਪੀ ਨਾਲ ਨੱਥੀ ਕੀਤੀ ਜਾਵੇ।



CamScanner

# ਸੈਲਫ ਫਾਇਨਾਂਸ ਕੋਰਸਾਂ ਦੀਆਂ ਫ਼ੀਸਾਂ ਦਾ ਵੇਰਵਾ

| | | BCA-I (Boys) | BCA-I (Girls) | BCA-II (Boys) | BCA-II (Girls) | BCA-III (Boys) | BCA-III (Girls) | Msc(IT)-II (Regular) (Boys) | Msc(IT)-II (Regular) (Girls) |
|---|---|---|---|---|---|---|---|---|---|
| **Society Fund** | | | | | | | | | |
| 1 | ਟਿਊਸ਼ਨ ਫ਼ੀਸ | 1313 | 657 | 1313 | 657 | 1313 | 657 | 1449 | 725 |
| 2 | ਸਕਿਊਰਟੀ | 1150 | 1150 | 0 | 0 | 0 | 0 | 0 | 0 |
| 3 | ਲੈਬਾਟਰੀ ਫੰਡ | 6561 | 6561 | 6561 | 6561 | 6561 | 6561 | 7149 | 7149 |
| 4 | ਇੰਸਟੀਚਿਊਸ਼ਨ ਫੰਡ | 6561 | 6561 | 6561 | 6561 | 6561 | 6561 | 7149 | 7149 |
| 5 | ਸਲਾਨਾ ਚੰਦੇ | 3277 | 3277 | 3277 | 3277 | 3277 | 3277 | 3574 | 3574 |
| **PTA Fund** | | | | | | | | | |
| 6 | ਪੀ.ਟੀ.ਏ | 1800 | 1800 | 1800 | 1800 | 1800 | 1800 | 1800 | 1800 |
| **University Fund** | | | | | | | | | |
| 7 | ਯੂਨੀਵਰਸਿਟੀ ਰਜਿਸਟ੍ਰੇਸ਼ਨ ਫ਼ੀਸ | 880 | 880 | 0 | 0 | 0 | 0 | 0 | 0 |
| 8 | ਰਜਿਸਟ੍ਰੇਸ਼ਨ ਨਿਰੰਤਰਤਾ ਫ਼ੀਸ | 0 | 0 | 300 | 300 | 300 | 300 | 300 | 300 |
| 9 | ਪੰਜਾਬ ਸਟੇਟ ਸਪੋਰਟਸ ਕੌਂਸਲ ਫੀਸ | 30 | 30 | 25 | 25 | 25 | 25 | 25 | 25 |
| 10 | ਸਪੋਰਟਸ ਫ਼ੀਸ | 550 | 550 | 500 | 500 | 500 | 500 | 500 | 500 |
| 11 | ਕਾਲਜ ਡਿਵੈਲਪਮੈਂਟ ਫੰਡ | 140 | 140 | 120 | 120 | 120 | 120 | 120 | 120 |
| 12 | ਯੁਵਕ ਭਲਾਈ ਫ਼ੀਸ | 110 | 110 | 100 | 100 | 100 | 100 | 100 | 100 |
| 13 | ਇਨਫਰਾਸਟਕਚਰ ਫੰਡ | 110 | 110 | 100 | 100 | 100 | 100 | 100 | 100 |
| 14 | ਐਨ.ਐਸ.ਐਸ.ਫ਼ੀਸ | 90 | 90 | 80 | 80 | 80 | 80 | 80 | 80 |
| 15 | ਵੈਰੀਫਿਕੇਸ਼ਨ ਫ਼ੀਸ | 880 | 880 | 0 | 0 | 0 | 0 | 0 | 0 |
| 16 | ਮਾਈਗਰੇਸ਼ਨ ਫ਼ੀਸ | 170 | 170 | 0 | 0 | 0 | 0 | 0 | 0 |
| 17 | ਬਲਾਕ ਐਂਟਰੀ ਫ਼ੀਸ | 60 | 60 | 50 | 50 | 50 | 50 | 50 | 50 |
| 18 | ਪੰਜਾਬੀ ਭਾਸ਼ਾ ਵਿਕਾਸ ਫੰਡ | 90 | 90 | 75 | 75 | 75 | 75 | 75 | 75 |
| 19 | ਸਪੋਰਟਸ ਹੋਸਟਲ ਫ਼ੀਸ | 220 | 220 | 200 | 200 | 200 | 200 | 200 | 200 |
| 20 | ਸਪੋਰਟਸ ਇਨਫਰਾਸਟਕਚਰ ਡਿਵੈਲਪਮੈਂਟ ਫੀਸ | 220 | 220 | 200 | 200 | 200 | 200 | 200 | 200 |
| 21 | ਸਪੋਰਟਸ ਵਿੰਗ ਫ਼ੀਸ | 110 | 110 | 100 | 100 | 100 | 100 | 100 | 100 |
| 22 | ਯੂਨੀਵਰਸਿਟੀ ਪ੍ਰੀਖਿਆ ਫ਼ੀਸ (ਦੋਵੇਂ ਸਮੈਸਟਰ) | 4420 | 4420 | 4300 | 4300 | 4300 | 4300 | 4300 | 4300 |
| 23 | ਪ੍ਰੀਖਿਆ ਫਾਰਮ ਫ਼ੀਸ (ਦੋਵੇਂ ਸਮੈਸਟਰ) | 240 | 240 | 240 | 240 | 240 | 240 | 240 | 240 |
| 24 | ਪ੍ਰੋਸੈਸਿੰਗ ਫ਼ੀਸ | 200 | 200 | 200 | 200 | 200 | 200 | 200 | 200 |
| | **ਕੁੱਲ ਫ਼ੀਸ** | **29182** | **28526** | **26102** | **25446** | **26102** | **25446** | **27711** | **26987** |

# ਰਿਆਇਤਾਂ, ਵਜੀਫੇ ਅਤੇ ਵਿਦਿਆਰਥੀ ਸਹਾਇਤਾ ਫੰਡ
# (CONCESSIONS, SCHOLARSHIPS AND STUDENTS AID FUND)

ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਵੱਲੋਂ ਪਾਸ ਕੀਤੇ ਗਏ ਇਮਤਿਹਾਨਾਂ ਦੇ ਆਧਾਰ ਤੇ ਮਿਲ ਸਕਣ ਵਾਲੇ ਅਤੇ ਸਰਕਾਰ ਵੱਲੋਂ ਦਿੱਤੇ ਜਾਂਦੇ ਹੋਰ ਵਜ਼ੀਫਿਆਂ ਦੀ ਪ੍ਰਾਪਤੀ ਲਈ ਸਮੇਂ-ਸਮੇਂ ਅਰਜ਼ੀਆ ਮੰਗੀਆਂ ਜਾਂਦੀਆਂ ਹਨ। ਸਮੇਂ ਸਿਰ ਅਤੇ ਮੁਕੰਮਲ ਅਰਜ਼ੀ ਦੇਣਾ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਵਜ਼ੀਫੇ ਦੀ ਰਾਸ਼ੀ ਸਰਕਾਰ ਦੁਆਰਾ ਮਨਜ਼ੂਰ ਹੋਣ ਤੇ ਵਿਦਿਆਰਥੀਆਂ ਦੇ ਅਕਾਊਂਟ ਵਿਚ ਸਿੱਧੀ ਜਮ੍ਹਾਂ ਹੋਵੇਗੀ।

## ੳ. ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਜੀਫ਼ੇ (POST MATRIC SCHOLARSHIP FOR SC/OBC)

ਐਸ.ਸੀ, ਬੀ.ਸੀ. ਸ਼੍ਰੇਣੀਆਂ ਦੇ ਯੋਗ ਵਿਦਿਆਰਥੀਆਂ ਜਿਨ੍ਹਾਂ ਕੋਲ ਫਰੀਸ਼ਿਪ ਕਾਰਡ ਉਪਲੱਬਧ ਹੋਵੇ ਲਈ ਪੰਜਾਬ ਸਰਕਾਰ ਦੇ ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਦੇ ਪੋਰਟਲ www.punjabscholaship.gov.in ਤੇ ਆਨਲਾਈਨ ਅਪਲਾਈ ਕਰਨ ਦੀ ਵਿਵਸਥਾ ਹੈ ਜਿਸ ਦੇ ਲਈ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੋਣੀਆਂ ਜ਼ਰੂਰੀ ਹਨ:-

1. ਐਸ.ਸੀ. ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੱਕ ਹੋਵੇ, ਉਨ੍ਹਾਂ ਕੋਲ ਆਪਣੇ ਪਰਿਵਾਰ ਦੀ ਆਮਦਨ ਦਾ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ਹੋਵੇ।
2. ਬੀ.ਸੀ ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ ਇੱਕ ਲੱਖ ਰਪਏ ਤੱਕ ਹੋਵੇ।
3. ਵਿਦਿਆਰਥੀ ਕਿਸੇ ਹੋਰ ਸਕੀਮ ਤਹਿਤ ਸਕਾਲਰਸ਼ਿਪ ਨਾ ਪ੍ਰਾਪਤ ਕਰਦਾ ਹੋਵੇ।
4. ਬੀ.ਸੀ.ਵਿਦਿਆਰਥੀਆਂ ਦੇ ਪਿਛਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 60% ਅੰਕ ਪ੍ਰਾਪਤ ਕੀਤੇ ਹੋਣ।
5. ਜਿਹੜਾ ਵਿਦਿਆਰਥੀ ਸਕਾਲਰਸ਼ਿਪ ਲੈਂਦਾ ਹੈ ਉਸ ਲਈ ਜ਼ਰੂਰੀ ਹੈ ਕਿ ਉਹ ਆਪਣੀ ਡਿਗਰੀ ਮੁੰਕਮਲ ਕਰੇ। ਡਿਗਰੀ ਪੂਰੀ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵੱਲੋਂ ਪ੍ਰਾਪਤ ਕੀਤਾ ਗਿਆ ਸਕਾਲਰਸ਼ਿਪ ਉਸ ਦੁਆਰਾ ਵਾਪਸ ਕਰਨਾ ਪਵੇਗਾ।

## ਅ. ਘੱਟ ਗਿਣਤੀ ਸਕਾਲਰਸ਼ਿਪ (MINORITY SCHOLARSHIP)

ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਈਸਾਈ, ਬੋਧੀ, ਪਾਰਸੀ ਅਤੇ ਜੈਨ) ਦੇ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਆਪਣੀਆਂ ਦਰਖਾਸਤਾਂ ਆਨ ਲਾਈਨ www.scholarship.gov.in ਵੈੱਬਸਾਈਟ ਉੱਤੇ ਦੇ ਸਕਦੇ ਹਨ। ਸਕਾਲਰਸ਼ਿਪ ਦੇਣ ਸੰਬੰਧੀ ਯੋਗਤਾਵਾਂ ਦਾ ਮਾਪਦੰਡ/ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਵਿਦਿਆਰਥੀ ਦੇ ਮਾਪਿਆਂ ਦੀ ਸਲਾਨਾ ਆਮਦਨ ਦੋ ਲੱਖ ਰੁਪਏ ਤੋਂ ਵੱਧ ਨਾ ਹੋਵੇ।
2. ਪੂਰਬਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਹੀ ਸ਼ਕਾਲਰਸ਼ਿਪ ਮਿਲੇਗੀ।
3. ਇਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤੀ ਜਾਵੇਗੀ।
4. ਇਸ ਸਕੀਮ ਅਧੀਨ ਸ਼ਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ।
5. ਵਿਦਿਆਰਥੀ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ।
6. ਰਿਨਿਉਅਲ ਸ਼ਕਾਲਰਸ਼ਿਪ ਲੈਣ ਲਈ ਉਹ ਵਿਦਿਆਰਥੀ ਹੱਕਦਾਰ ਹੋਣਗੇ ਜਿਨ੍ਹਾਂ ਨੇ ਪੂਰਬਲੇ ਇਮਤਿਹਾਨ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਕੀਤੇ ਹੋਣ।
7. ਵਿਦਿਆਰਥੀ ਨੂੰ ਆਪਣੇ ਪਰਿਵਾਰ ਦੀ ਸਾਲਾਨਾ ਆਮਦਨ ਦਾ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

## ੲ. ਸੈਂਟਰਲ ਸੈਕਟਰ ਸਕੀਮ ਆਫ਼ ਸਕਾਲਰਸ਼ਿਪ (CENTRAL SECTOR SCHEME OF SCHOLARSHIP)

ਮੈਰਿਟ ਵਿੱਚ ਆਉਣ ਵਾਲੇ ਉਹ ਵਿਦਿਆਰਥੀ ਜੋ ਉੱਚ ਵਿੱਦਿਆ ਪ੍ਰਾਪਤ ਕਰਨਾ ਚਾਹੁੰਦੇ ਹਨ, ਪਰ ਉਨ੍ਹਾਂ ਦੇ ਪਰਿਵਾਰ ਦੀ ਆਮਦਨ ਘੱਟ ਹੈ, ਆਪਣੀਆਂ ਦਰਖਾਸਤਾਂ ਆਨ ਲਾਈਨ www.scholarship.gov.in ਵੈੱਬਸਾਈਟ ਉੱਤੇ ਦੇ ਸਕਦੇ ਹਨ। ਸਕਾਲਰਸ਼ਿਪ ਦੇਣ ਸੰਬੰਧੀ ਯੋਗਤਾਵਾਂ ਦਾ ਮਾਪਦੰਡ/ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਵਿਦਿਆਰਥੀ ਦੇ ਮਾਪਿਆਂ ਦੀ ਸਲਾਨਾ ਆਮਦਨ ਅੱਠ ਲੱਖ ਰੁਪਏ ਤੋਂ ਵੱਧ ਨਾ ਹੋਵੇ।
2. 10+2 ਦੇ ਨੰਬਰਾਂ ਦੇ ਅਧਾਰ ਤੇ ਬੀ.ਕਾਮ-1 ਦੇ ਵਿਦਿਆਰਥੀ ਹੀ ਸਕਾਲਰਸ਼ਿਪ ਲਈ ਪਹਿਲੀ ਵਾਰ ਅਪਲਾਈ ਕਰ ਸਕਦੇ ਹਨ।
3. 10+2 ਦੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 80 ਪਰਸੈਂਟਾਇਲ ਨੰਬਰ ਪ੍ਰਾਪਤ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਮਿਲੇਗੀ।
4. ਇੱਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤੀ ਜਾਵੇਗੀ।



CamScanner

5. ਇਸ ਸਕੀਮ ਅਧੀਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ।

6. ਰਿਨਿਊਅਲ ਸਕਾਲਰਸ਼ਿਪ ਲੈਣ ਲਈ ਉਹ ਵਿਦਿਆਰਥੀ ਹੱਕਦਾਰ ਹੋਣਗੇ ਜਿਨ੍ਹਾਂ ਨੇ ਪੂਰਬਲੇ ਇਮਤਿਹਾਨ ਵਿੱਚ ਘੱਟ ਤੋਂ ਘੱਟ 60% ਨੰਬਰ ਪ੍ਰਾਪਤ ਕੀਤੇ ਹੋਣ, ਵਿਦਿਆਰਥੀ ਦੀ ਹਾਜ਼ਰੀ ਘੱਟ ਤੋਂ ਘੱਟ 75% ਹੋਣੀ ਜ਼ਰੂਰੀ ਹੈ ਅਤੇ ਵਿਦਿਆਰਥੀ ਕਿਸੇ ਤਰ੍ਹਾਂ ਦੀ ਵੀ ਰੈਗਿੰਗ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ।

7. ਵਿਦਿਆਰਥੀ ਨੂੰ ਆਪਣੇ ਪਰਿਵਾਰ ਦੀ ਸਾਲਾਨਾ ਆਮਦਨ ਦਾ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਜਰੂਰੀ ਹੈ।

**ਸ. ਵਿਦਿਆਰਥੀ ਸਹਾਇਤਾ ਫੰਡ (STUDENTS' AID FUND)**

ਇਸ ਫੰਡ ਦਾ ਮੰਤਵ ਜ਼ਰੂਰਤਮੰਦ ਵਿਦਿਆਰਥੀਆਂ ਦੀ ਲੋੜ ਅਨੁਸਾਰ ਮਦਦ ਕਰਨਾ ਹੈ। ਇਸ ਮੰਤਵ ਲਈ ਗਠਿਤ ਕੀਤੀ ਗਈ ਕਮੇਟੀ ਵਲੋਂ ਪ੍ਰਾਪਤ ਹੋਈਆਂ ਅਰਜ਼ੀਆਂ ਦੇ ਅਧਾਰ ਤੇ ਜ਼ਰੂਰਤਮੰਦ ਵਿਦਿਆਰਥੀਆਂ ਦੀ ਚੋਣ ਕੀਤੀ ਜਾਂਦੀ ਹੈ।

## ਮੈਡੀਕਲ ਸਹੂਲਤ (MEDICAL FACILITY)

ਕਾਲਜ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਕਾਲਜ ਦੇ ਰੈੱਡ ਕਰਾਸ ਸੈੱਲ ਵਲੋਂ ਦਿੱਤੀ ਜਾਂਦੀ ਹੈ।

## ਛੁੱਟੀ ਸਬੰਧੀ ਨਿਯਮ (LEAVE RULES )

ਹਰ ਵਿਦਿਆਰਥੀ ਛੁੱਟੀ ਜਾਣ ਤੋਂ ਪਹਿਲਾਂ ਛੁੱਟੀ ਦੀ ਮਨਜ਼ੂਰੀ ਕਲਾਸ ਟਿਊਟਰ ਤੋਂ ਪ੍ਰਤੀ ਬੇਨਤੀ ਕਰਕੇ ਲਿਖਤੀ ਰੂਪ ਵਿੱਚ ਲਵੇਗਾ।ਜੇ ਉਹ ਪਹਿਲਾਂ ਅਜਿਹਾ ਨਹੀਂ ਕਰ ਸਕਦਾ ਤਾਂ ਵਾਪਸੀ ਤੋਂ ਦੋ ਦਿਨ ਤੱਕ ਇਹ ਮਨਜ਼ੂਰੀ ਜ਼ਰੂਰ ਲੈ ਲਵੇਗਾ।

(ੳ) ਹਰ ਇੱਕ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੋਵੇਗੀ ਕਿ ਉਹ ਆਪਣੀਆਂ ਹਾਜ਼ਰੀਆਂ ਦੇ ਬਾਰੇ ਹਰ ਮਹੀਨੇ ਦੇ ਅੰਤ ਤੇ ਜਾਣਕਾਰੀ ਪ੍ਰਾਪਤ ਕਰੇ।

(ਅ) ਸੂਚਿਤ ਮਿਤੀ ਤੋਂ 10 ਦਿਨਾਂ ਤੱਕ, ਜੇ ਫੀਸ ਦੀ ਅਦਾਇਗੀ ਨਾ ਕੀਤੀ ਗਈ ਤਾਂ ਅਜਿਹੇ ਵਿਦਿਆਰਥੀ ਦਾ ਨਾਮ ਪੱਕੇ ਤੌਰ 'ਤੇ ਕੱਟ ਦਿੱਤਾ ਜਾਵੇਗਾ।

(ੲ) ਜੋ ਵਿਦਿਆਰਥੀ ਅਕਾਦਮਿਕ ਸੈਸ਼ਨ ਦੌਰਾਨ ਲਗਾਤਾਰ 10 ਕੰਮਕਾਜੀ ਦਿਨ ਗੈਰ-ਹਾਜ਼ਰ ਰਹਿੰਦਾ ਹੈ, ਉਸ ਦਾ ਨਾਮ ਕੱਟ ਦਿੱਤਾ ਜਾਵੇਗਾ।ਅਜਿਹੇ ਵਿਦਿਆਰਥੀ ਜੇਕਰ ਨਾਮ ਕੱਟਣ ਦੀ ਮਿਤੀ ਤੋਂ ਦੋ ਹਫਤੇ ਦੇ ਅੰਦਰ-ਅੰਦਰ ਸਥਿਤੀ ਸਪੱਸ਼ਟ ਕਰਦਿਆਂ ਮੁੜ ਦਾਖ਼ਲੇ ਲਈ ਬੇਨਤੀ ਕਰਦੇ ਹਨ ਤਾਂ ਪ੍ਰਿੰਸੀਪਲ ਸਾਹਿਬ ਸਥਿਤੀ ਨੂੰ ਵੇਖਦੇ ਹੋਏ ਮੈਰਿਟ ਦੇ ਆਧਾਰ ਤੇ ਕੇਸ ਦਾ ਫੈਸਲਾ ਕਰਨਗੇ। ਤਿੰਨ ਹਫ਼ਤੇ ਦੇ ਸਮੇਂ ਤੋਂ ਬਾਅਦ ਕਿਸੇ ਤਰ੍ਹਾਂ ਵੀ ਰੀ-ਐਡਮਿਸ਼ਨ ਦੀ ਬੇਨਤੀ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

(ਸ) ਕਾਲਜ ਵੱਲੋਂ ਸਭਿਆਚਾਰਕ ਪ੍ਰੋਗਰਾਮਾਂ ਜਾਂ ਖੇਡਾਂ ਜਾਂ ਹੋਰ ਸਮਾਗਮਾਂ ਦੇ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਮੰਤਵ ਲਈ ਜਾਣ ਤੋਂ ਪਹਿਲਾਂ ਕਲਾਸ ਦੇ ਮੈਨਟੋਰ ਅਧਿਆਪਕ/ਐਕਟੀਵਿਟੀ ਇੰਚਾਰਜ ਵੱਲੋਂ ਛੁੱਟੀ ਮਨਜ਼ੂਰ ਕਰਵਾ ਲੈਣ ਤਾਂ ਜੋ ਉਹਨਾਂ ਨੂੰ ਡਿਊਟੀ ਲੀਵ ਦਿੱਤੀ ਜਾਵੇ ਨਹੀਂ ਤਾਂ ਉਹਨਾਂ ਨੂੰ ਗੈਰ-ਹਾਜ਼ਰ ਸਮਝਿਆ ਜਾਵੇਗਾ।

ਹ) **ਗੈਰ-ਹਾਜ਼ਰੀ ਜੁਰਮਾਨਾ**

1. ਇੱਕ ਪੀਰਿਅਡ ਦੀ ਗੈਰ-ਹਾਜ਼ਰੀ 50 ਪੈਸੇ।
2. ਦੋ ਪੀਰਿਅਡ ਜਾਂ ਇਸ ਤੋਂ ਵੱਧ ਸਮੇਂ ਦੀ ਗੈਰ ਹਾਜ਼ਰੀ 1/- ਰੁ.
3. ਘਰੇਲੂ ਇਮਤਿਹਾਨ ਦੀ ਗੈਰ-ਹਾਜ਼ਰੀ 5/- ਰੁ. ਪ੍ਰਤੀ ਪੇਪਰ।
4. Tutorials Period ਦੀ ਗੈਰ ਹਾਜ਼ਰੀ 5/- ਰੁ. ਪ੍ਰਤੀ ਪੀਰੀਅਡ।

## ਮੈਨਟੋਰ ਗਰੁੱਪ (MENTOR GROUP)

ਹਰ ਵਿਦਿਆਰਥੀ ਨੂੰ, ਜਦੋਂ ਉਹ ਕਾਲਜ ਵਿਚ ਦਾਖ਼ਲ ਹੁੰਦਾ ਹੈ, ਨਿਰਧਾਰਤ ਮੈਨਟੋਰ ਗਰੁੱਪ ਵਿਚ ਸ਼ਾਮਲ ਕੀਤਾ ਜਾਂਦਾ ਹੈ। ਮੈਨਟੋਰ ਅਧਿਆਪਕਾਂ ਰਾਹੀਂ ਨਿੱਜੀ ਤੌਰ ਤੇ ਮੈਂਟੀ (Mentee) ਨੂੰ ਸਹੀ ਅਗਵਾਈ ਤੇ ਸਲਾਹ ਦੇਣ ਦੇ ਦ੍ਰਿਸ਼ਟੀਕੋਣ ਤੋਂ ਮੈਨਟੋਰ-ਮੈਂਟੀ (Mentor Mentee) ਗਰੁੱਪ ਭਰਪੂਰ ਸਹਾਈ ਹੁੰਦਾ ਹੈ।ਹਰੇਕ ਵਿਦਿਆਰਥੀ ਲਈ ਸਮੇਂ-ਸਮੇਂ ਤੇ ਲੱਗਣ ਵਾਲੇ ਇਹਨਾਂ ਮੈਨਟੋਰ-ਮੈਂਟੀ ਲੈਕਚਰਾਂ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ।

## ਸ਼ਨਾਖ਼ਤੀ ਕਾਰਡ (IDENTITY CARD)

ਦਾਖ਼ਲੇ ਤੋਂ ਇੱਕ ਮਹੀਨੇ ਦੇ ਅੰਦਰ ਹਰ ਵਿਦਿਆਰਥੀ ਲਈ ਕਾਲਜ ਵੱਲੋਂ ਜਾਰੀ ਕੀਤਾ ਜਾਂਦਾ ਆਪਣਾ ਸ਼ਨਾਖਤੀ ਕਾਰਡ ਬਨਾਉਣਾ ਲਾਜ਼ਮੀ ਹੋਵੇਗਾ। ਇਹ ਸ਼ਨਾਖ਼ਤੀ ਕਾਰਡ ਹਰ ਸਮੇਂ ਕਾਲਜ ਵਿਚ

ਵਿਦਿਆਰਥੀ ਕੋਲ ਹੋਣਾ ਲਾਜ਼ਮੀ ਹੋਵੇਗਾ ਅਤੇ ਕਿਸੇ ਵੀ ਕਰਮਚਾਰੀ/ਅਧਿਕਾਰੀ ਦੁਆਰਾ ਮੰਗੇ ਜਾਣ ਉਤੇ ਇਹ ਕਾਰਡ ਦਿਖਾਉਣਾ ਜ਼ਰੂਰੀ ਹੋਵੇਗਾ। ਵਿਦਿਆਰਥੀ ਵੱਲੋਂ ਸਨਾਖਤੀ ਕਾਰਡ ਵਿਖਾਉਣ ਤੋਂ ਇਨਕਾਰ ਕਰਨਾ ਅਨੁਸ਼ਾਸਨ ਭੰਗ ਕਰਨ ਦੀ ਕਾਰਵਾਈ ਮੰਨਿਆ ਜਾਵੇਗਾ। ਸ਼ਨਾਖਤੀ ਕਾਰਡ ਗੁੰਮ ਹੋਣ ਤੇ ਡੁਪਲੀਕੇਟ ਸ਼ਨਾਖ਼ਤੀ ਕਾਰਡ ਐਫ. ਆਈ. ਆਰ. ਦਰਜ ਕਰਾਉਣ ਉਪਰੰਤ ਹੀ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ 50 ਰੁਪਏ ਜਮ੍ਹਾਂ ਕਰਵਾ ਕੇ ਜਾਰੀ ਕੀਤਾ ਜਾਵੇਗਾ।



CamScanner

## ਅਨੁਸ਼ਾਸਨ ਦੇ ਨਿਯਮ (DISCIPLINE RULES )

ਕਾਲਜ ਪ੍ਰਿੰਸੀਪਲ ਸਾਹਿਬ ਨੂੰ ਅਧਿਕਾਰ ਹੈ ਕਿ:

1. ਉਹ ਵਿਦਿਆਰਥੀ ਜੋ ਕਾਲਜ ਜਾਂ ਹੋਸਟਲ ਵਿਚ ਰੈਗਿੰਗ ਅਤੇ ਗੈਰ-ਸਮਾਜੀ ਕੰਮ ਕਰਨ ਜਾਂ ਕਾਲਜ/ਹੋਸਟਲ ਸੰਪਤੀ ਨੂੰ ਖ਼ਰਾਬ ਕਰਨਗੇ ਜਾਂ ਭੰਨਣ/ਤੋੜਨਗੇ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।
2. ਜੇ ਕੋਈ ਵਿਦਿਆਰਥੀ/ਵਿਦਿਆਰਥਣ ਅਨੁਸ਼ਾਸਨ ਭੰਗ/ਦੁਰਵਿਵਹਾਰ ਆਦਿ ਕਰਦਾ/ਕਰਦੀ ਹੈ ਤੇ ਉਸਦੇ ਆਚਰਣ-ਪੱਤਰ ਵਿਚ ਇਸ ਸੰਬੰਧੀ ਇੰਦਰਾਜ ਕੀਤਾ ਜਾ ਸਕਦਾ ਹੈ। ਉਸ ਵਿਦਿਆਰਥੀ ਨੂੰ ਅਗਲੀ ਕਲਾਸ ਵਿੱਚ ਦਾਖ਼ਲੇ ਤੋਂ ਰੋਕਿਆ ਜਾ ਸਕਦਾ ਹੈ।
3. ਜੇਕਰ ਕੋਈ ਵੀ ਵਿਦਿਆਰਥੀ ਕਾਲਜ ਵਿਚ ਜਾਂ ਆਪਣੇ ਕਲਾਸ ਰੂਮ ਵਿਚ ਕੋਈ ਨੁਕਸਾਨ ਕਰੇਗਾ ਤਾਂ ਉਸ ਦੀ ਰਿਪੋਰਟ ਜਮਾਤ ਦੇ ਵਿਦਿਆਰਥੀ ਟਿਊਟਰ/ਪ੍ਰਿੰਸੀਪਲ ਨੂੰ ਕਰਨਗੇ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਨੁਕਸਾਨ ਦਾ ਹਰਜਾਨਾ ਅਤੇ ਜੁਰਮਾਨਾ ਸਾਰੀ ਜਮਾਤ ਤੋਂ ਵਸੂਲ ਕੀਤਾ ਜਾਵੇਗਾ। ਉਪਰੋਕਤ ਹਾਲਤਾਂ ਵਿਚ ਕਾਲਜ ਵਿਚੋਂ ਵਿਦਿਆਰਥੀ ਨੂੰ ਕੱਢਣ ਜਾਂ ਹੋਰ ਸਜ਼ਾ ਦੇਣ ਸੰਬੰਧੀ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਮੰਨਿਆ ਜਾਵੇਗਾ।
4. ਦਾਖ਼ਲ ਹੋਣ ਉਪਰੰਤ ਹਰੇਕ ਵਿਦਿਆਰਥੀ ਲਈ ਲਾਜ਼ਮੀ ਹੈ ਕਿ ਉਹ ਇੱਕ ਹਫ਼ਤੇ ਦੇ ਅੰਦਰ-ਅੰਦਰ ਵੈਬਸਾਈਟ www.amanmovement.org. ਤੇ ਜਾਕੇ ਰੈਗਿੰਗ ਸਬੰਧੀ ਆਪਣੇ ਅਤੇ ਮਾਤਾ-ਪਿਤਾ ਵੱਲੋਂ 2 ਵੱਖਰੇ ਵੱਖਰੇ ਨਿਰਧਾਰਿਤ Anti Ragging Affidavit ਭਰਕੇ ਅਪਲੋਡ ਕਰੇਗਾ ਅਤੇ ਇਨ੍ਹਾਂ ਦੇ ਪ੍ਰਿੰਟ ਆਊਟ ਆਪਣੇ ਸਬੰਧਤ ਟਿਊਟਰ ਸਹਿਬਾਨ ਨੂੰ ਜਮ੍ਹਾਂ ਕਰਾਵੇਗਾ।
5. ਕਾਲਜ ਵਿੱਚ ਨਿਜੀ ਮੋਬਾਇਲ ਫੋਨ ਦੀ ਵਰਤੋਂ ਕਰਨਾ ਸਖ਼ਤ ਮਨ੍ਹਾਂ ਹੈ।
6. ਪ੍ਰਿੰਸੀਪਲ ਸਾਹਿਬ ਦੀ ਮਨਜੂਰੀ ਤੋਂ ਬਿਨ੍ਹਾਂ ਵਿਦਿਆਰਥੀ ਕਾਲਜ/ਹੋਸਟਲ ਕੈਂਪਸ ਵਿਚ ਕੋਈ ਸਮਾਗਮ ਜਾਂ ਮੀਟਿੰਗ ਨਹੀਂ ਕਰ ਸਕਦੇ।
7. ਪ੍ਰਿੰਸੀਪਲ ਜਾਂ ਸਟਾਫ ਮੈਂਬਰਜ਼ ਵਲੋਂ ਜੇ ਕਿਸੇ ਵੀ ਵਿਦਿਆਰਥੀ ਜਾਂ ਵਿਦਿਆਰਥਣ ਨੂੰ ਸਭਿਆਚਾਰਕ ਸਗਰਮੀਆਂ ਵਿਚ ਭਾਗ ਲੈਣ ਲਈ ਜਾਂ ਕਾਲਜ ਦੇ ਕਿਸੇ ਹੋਰ ਕੰਮ ਲਈ ਕਿਹਾ ਜਾਵੇਗਾ ਤਾਂ ਉਸਨੂੰ ਲਾਜ਼ਮੀ ਤੌਰ ਤੇ ਉਹ ਡਿਊਟੀ ਨਿਭਾਉਣੀ ਪਵੇਗੀ। ਜਾਣ ਬੁੱਝ ਕੇ ਨਾਹ ਕਰਨ ਵਾਲੇ ਵਿਦਿਆਰਥੀ ਦੇ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।

## ਕਾਲਜ ਛੱਡਣ ਸੰਬੰਧੀ ਨਿਯਮ (COLLEGE LEAVING RULES)

ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਬਕਾਇਦਾ ਅਤੇ ਉਚਿਤ ਤੌਰ ਤੇ ਲਿਖਤੀ ਪੱਤਰ ਰਾਹੀਂ ਬੇਨਤੀ ਕਰਨਗੇ। ਜਦੋਂ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ ਤੇ ਨਹੀਂ ਕੱਟਿਆ ਜਾਂਦਾ, ਉਨ੍ਹਾਂ ਨੂੰ ਕਾਲਜ ਦੇ ਭਰਨ ਯੋਗ ਖਰਚੇ ਅਤੇ ਜੁਰਮਾਨੇ, ਜੋ ਉਸ ਵੱਲ ਨਿਕਲਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾਂ ਵਿਦਿਆਰਥੀਆਂ ਵੱਲ ਜੁਰਮਾਨੇ ਦੇ ਬਕਾਏ, ਕਾਲਜ ਜਾਂ ਹੋਸਟਲ ਦੇ ਖਰਚੇ ਜਾਂ ਲਾਇਬ੍ਰੇਰੀ ਦੀਆਂ ਪੁਸਤਕਾਂ ਨਿਕਲਦੀਆਂ ਹੋਣ, ਉਨ੍ਹਾਂ ਨੂੰ ਆਚਰਣ ਪ੍ਰਮਾਣ-ਪੱਤਰ ਜਾਰੀ ਨਹੀਂ ਕੀਤਾ ਜਾਵੇਗਾ।

## ਕਾਲਜ ਵਿੱਚ ਉਪਲੱਬਧ ਸਹੂਲਤਾਂ

### ਹੋਸਟਲ (HOSTEL)

ਕਾਲਜ ਦੇ ਵਿਦਿਆਰਥੀਆਂ ਲੜਕੇ ਅਤੇ ਲੜਕੀਆਂ ਲਈ ਸਟੇਟ ਕਾਲਜ ਆਫ਼ ਐਜੂਕੇਸ਼ਨ ਦੇ ਹੋਸਟਲਾਂ ਵਿੱਚ ਸੀਮਿਤ ਸੀਟਾਂ ਉਪਲੱਬਧ ਹਨ। ਹੋਸਟਲ ਲਈ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ ਤੇ ਤਰਜੀਹ ਦਿੱਤੀ ਜਾਂਦੀ ਹੈ। ਹੋਸਟਲ ਵਿਚ ਰਹਿਣ ਵਾਲੇ ਹਰ ਇੱਕ ਵਿਦਿਆਰਥੀ ਨੂੰ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ-

1. ਕੋਈ ਵੀ ਹੋਸਟਲ ਵਿੱਚ ਰਹਿਣ ਵਾਲਾ ਵਿਦਿਆਰਥੀ ਆਪਣੇ ਰਿਸ਼ਤੇਦਾਰ ਨੂੰ ਹੋਸਟਲ ਵਿਚ ਨਹੀਂ ਠਹਿਰਾਏਗਾ।
2. ਹਰ ਇੱਕ ਬੋਰਡਰ ਆਪਣੇ ਕਮਰੇ ਦੀ ਦੂਸਰੀ ਚਾਬੀ ਹੋਸਟਲ ਵਾਰਡਨ ਨੂੰ ਸੰਭਾਲਣ ਲਈ ਦੇਵੇਗਾ।
3. ਕੋਈ ਵੀ ਵਿਦਿਆਰਥੀ ਚਾਕੂ ਜਾਂ ਕੋਈ ਹੋਰ ਅਸਲਾ ਆਪਣੇ ਕਮਰੇ ਵਿੱਚ ਨਹੀਂ ਰੱਖ ਸਕਦਾ।
4. ਹਰ ਇੱਕ ਬੋਰਡਰ ਆਪਣੇ ਆਉਣ ਜਾਣ ਸੰਬੰਧੀ ਵੇਰਵਾ ਹੋਸਟਲ ਰਜਿਸਟਰ ਵਿੱਚ ਆਪਣੇ ਹੱਥੀਂ ਦਰਜ ਕਰੇਗਾ। ਹੋਸਟਲ ਛੱਡਣ ਦੀ ਦਸ਼ਾ ਵਿੱਚ ਵਾਰਡਨ ਦੀ ਪੂਰਵ ਆਗਿਆ ਲੈਣੀ ਜ਼ਰੂਰੀ ਹੈ।
5. ਹੋਸਟਲ ਵਿਚ ਆਉਣ-ਜਾਣ ਦਾ ਸਮਾਂ ਹੋਸਟਲ ਦੇ ਨਿਯਮਾਂ ਅਨੁਸਾਰ ਹੀ ਹੋਵੇਗਾ।
6. ਹਰ ਇੱਕ ਬੋਰਡਰ ਆਪਣੇ ਹੋਸਟਲ ਬਿਲਾਂ ਦਾ ਹਰ ਮਹੀਨੇ ਦੀ 7 ਤਾਰੀਖ ਤੱਕ ਭੁਗਤਾਨ ਕਰੇਗਾ।
7. ਕੋਈ ਵੀ ਵਿਦਿਆਰਥੀ ਹੋਸਟਲ ਵਿੱਚ ਨਸ਼ੇ ਵਾਲੀ ਵਸਤੂ ਨਹੀਂ ਵਰਤੇਗਾ।
8. ਹਰ ਇੱਕ ਬੋਰਡਰ ਆਪਣੇ ਕਮਰੇ ਵਿੱਚ ਸਥਿਤ ਫਰਨੀਚਰ, ਬਿਜਲੀ, ਬਾਰੀਆਂ ਅਤੇ ਅਲਮਾਰੀਆਂ ਦੀ ਹਿਫਾਜ਼ਤ ਲਈ ਖੁਦ ਜ਼ਿੰਮੇਵਾਰ ਹੋਵੇਗਾ।
9. ਕੋਈ ਵੀ ਬੋਰਡਰ ਬਿਜਲੀ ਚਾਲਕ ਵਸਤਾਂ, ਪ੍ਰੈੱਸ, ਹੀਟਰ, ਕੈਟਲ ਆਦਿ ਆਪਣੇ ਕਮਰੇ ਵਿੱਚ ਨਹੀਂ ਰੱਖ ਸਕਦਾ।



CamScanner

10. ਕੋਈ ਵੀ ਬੋਰਡਰ ਹੋਸਟਲ ਵਿੱਚ ਕਾਰ, ਸਕੂਟਰ ਜਾਂ ਮੋਟਰ ਸਾਇਕਲ ਵਾਰਡਨ ਦੀ ਆਗਿਆ ਤੋਂ ਬਿਨਾਂ ਨਹੀਂ ਰੱਖ ਸਕਦਾ।

11. ਜੇਕਰ ਕੋਈ ਵਿਦਿਆਰਥੀ ਕਿਸੇ ਪੁਲਿਸ ਕੇਸ ਵਿੱਚ ਫਸ ਜਾਂਦਾ ਹੈ ਤਾਂ ਉਸ ਨੂੰ ਉਸੇ ਸਮੇਂ ਹੋਸਟਲ ਖ਼ਾਲੀ ਕਰਨਾ ਪਵੇਗਾ।

ਹੋਸਟਲ ਦੀ ਸੁਵਿਧਾ ਪ੍ਰਾਪਤ ਕਰਨ ਲਈ ਦਾਖ਼ਲੇ ਤੋਂ ਉਪਰੰਤ ਵਿਦਿਆਰਥੀ/ਮਾਪੇ ਇਸ ਕਾਲਜ ਦੇ ਪ੍ਰੋਫੈਸਰ ਇੰਚਾਰਜ ਪ੍ਰੋ. ਰਾਮ ਕੁਮਾਰ (ਲੜਕਿਆਂ ਲਈ) ਅਤੇ ਡਾ. ਜਸਪ੍ਰੀਤ ਕੌਰ (ਲੜਕੀਆਂ ਲਈ) ਨਾਲ ਸੰਪਰਕ ਕਰ ਸਕਦੇ ਹਨ।

## ਅੰਮ੍ਰਿਤਾ ਪ੍ਰੀਤਮ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਦਾ ਨਾਮ ਪੰਜਾਬੀ ਦੀ ਉੱਘੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਨਾਮ ਦੇ ਤੇ ਰੱਖਿਆ ਗਿਆ ਹੈ।ਇਸ ਲਾਇਬ੍ਰੇਰੀ ਵਿੱਚ ਪੜ੍ਹਾਈਆਂ ਜਾਣ ਵਾਲੀਆਂ ਸਾਰੀਆਂ ਕਲਾਸਾਂ ਦੇ ਸਿਲੇਬਸ ਨਾਲ ਸਬੰਧਿਤ ਪੁਸਤਕਾਂ, ਪੰਜਾਬੀ, ਹਿੰਦੀ, ਅੰਗ੍ਰੇਜ਼ੀ ਨਾਲ ਸਬੰਧਿਤ ਨਾਵਲ, ਨਾਟਕ, ਕਵਿਤਾਵਾਂ ਆਦਿ ਤੋਂ ਬਿਨਾਂ ਵੱਖ-ਵੱਖ ਕੰਪੀਟਿਸ਼ਨਾਂ ਨਾਲ ਸਬੰਧਿਤ ਪੁਸਤਕਾਂ ਜਿਵੇਂ ਯੂ.ਜੀ.ਸੀ., ਬੈਂਕ, ਸਿਵਲ ਸਰਵਿਸਜ਼ ਆਦਿ ਨਾਲ ਸਬੰਧਿਤ ਪੁਸਤਕਾਂ ਉਪਲੱਬਧ ਹਨ।ਇਸਦੇ ਨਾਲ ਹੀ 10 ਅਖਬਾਰਾਂ ਅਤੇ 38 ਜਰਨਲ ਅਤੇ ਮੈਗਜ਼ੀਨ ਵੀ ਲਾਇਬ੍ਰੇਰੀ ਵਿਖੇ ਮੰਗਵਾਏ ਜਾਂਦੇ ਹਨ।ਕਾਲਜ ਪੁਸਤਕਾਂ ਦਾ ਸਾਰਾ ਡਾਟਾ Koha Open Software ਉੱਤੇ Upload ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਅਤੇ ਸਟਾਫ਼ ਨੂੰ E-Resources ਜਿਵੇਂ ਕਿ N-List ਅਤੇ E-PG Pathshala, National Digital Lib of India ਆਦਿ ਹਨ।ਲਾਇਬ੍ਰੇਰੀ ਦੇ ਸਾਰੇ ਵਿਜ਼ਿਟਰਜ਼ ਦੀ Entry Online MIS Portal (Library Managment) ਤੇ Enter ਕੀਤੀ ਜਾਂਦੀ ਹੈ।

ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਵਧਾਉਣ ਲਈ ਸਾਰੀਆਂ ਕਲਾਸਾਂ ਵਿੱਚੋਂ ਵਿਦਿਆਰਥੀ ਲਾਇਬ੍ਰੇਰੀ ਅੰਬੈਸਡਰ ਬਣਾਏ ਗਏ ਹਨ।ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਆਪਸੀ ਸਹਿਯੋਗ ਨਾਲ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਲਾਇਬ੍ਰੇਰੀ ਦੀ ਬੇਹਤਰੀ ਲਈ ਫੈਸਲੇ ਲਏ ਜਾਂਦੇ ਹਨ।ਪੁਸਤਕਾਂ ਪ੍ਰਤੀ ਵੱਧ ਤੋਂ ਵੱਧ ਰੁਝਾਨ ਪੈਦਾ ਕਰਨ ਲਈ ਪੁਸਤਕ ਪ੍ਰਦਰਸ਼ਨੀਆਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।ਰੀਡਿੰਗ ਰੂਮ ਖੁੱਲੇ ਅਤੇ ਹਵਾਦਾਰ ਹਨ।ਲਾਇਬ੍ਰੇਰੀ ਵਿਖੇ ਪੁਸਤਕਾਂ ਪੜ੍ਹਨ ਲਈ ਰੀਡਰਸ ਕਲੱਬ ਵੀ ਬਣਾਇਆ ਗਿਆ ਹੈ। ਇਸ ਵਿੱਚ ਵਿਦਿਆਰਥੀ ਆਪਣੀ ਮਨ ਪਸੰਦ ਦੀ ਪੁਸਤਕ ਪੜ੍ਹ ਕੇ ਉਸਦਾ ਬੁੱਕ ਰਿਵਿਊ ਵੀ ਦਿੰਦੇ ਹਨ।ਜਿਸ ਨੂੰ ਲਾਇਬ੍ਰੇਰੀ ਬੋਰਡ ਤੇ ਲਗਾਇਆ ਜਾਂਦਾ ਹੈ।ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ Library star of the month ਘੋਸ਼ਿਤ ਕੀਤਾ ਜਾਂਦਾ ਹੈ।ਵੱਧ ਪੁਸਤਕਾਂ ਪੜ੍ਹਣ ਵਾਲੇ ਵਿਦਿਆਰਥੀ ਨੂੰ ਸਲਾਨਾ ਇਨਾਮ ਵੰਡ ਸਮਾਰੋਹ ਵਿਖੇ Best Library user Award ਨਾਲ ਸਨਮਾਨਿਤ ਕੀਤਾ ਜਾਂਦਾ ਹੈ।ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵੱਲ ਆਕਰਸ਼ਿਤ ਕਰਨ ਲਈ ਲਾਇਬ੍ਰੇਰੀ ਦਾ ਸੁੰਦਰੀਕਰਨ ਵੀ ਜਾਰੀ ਹੈ।ਹੁਣ ਕਾਲਜ ਲਾਇਬ੍ਰੇਰੀ ਸਿਰਫ਼ ਲਾਇਬ੍ਰੇਰੀ ਦੀ ਹੱਦ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਲਾਇਬ੍ਰੇਰੀ ਨੂੰ Library On Wheels ਦੇ ਜ਼ਰੀਏ ਪਾਠਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਲਾਇਬ੍ਰੇਰੀ ਵਿਚ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਲਈ ਬੁੱਕ ਬੈਂਕ ਦੀ ਸੁਵਿਧਾ ਪੂਰੇ ਸਮੈਸਟਰ ਲਈ ਉਪਲੱਬਧ ਹੈ।

## ਕੰਪਿਊਟਰ ਲੈਬਜ਼ (COMPUTER LABS)

ਕਾਲਜ ਵਿਚ ਬੀ. ਕਾਮ., ਅਤੇ ਐਮ.ਕਾਮ ਕਲਾਸਾਂ ਵਿੱਚ ਕੰਪਿਊਟਰ ਵਿਸ਼ੇ ਤੋਂ ਇਲਾਵਾ ਬੀ.ਸੀ.ਏ. ਅਤੇ ਐਮ.ਐਸ.ਸੀ. (ਆਈ.ਟੀ.) ਸੈਲਫ਼ ਫ਼ਾਇਨਾਂਸ ਕੋਰਸ ਚਲ ਰਹੇ ਹਨ।ਵਿਦਿਆਰਥੀਆਂ ਲਈ ਤਿੰਨ ਹਾਈਟੈਕ ਅਤੇ ਵਾਤਾਵਰਨ ਅਨੁਕੂਲ ਲੈਬਜ਼ ਹਨ, ਜਿਨ੍ਹਾਂ ਵਿੱਚ ਕੰਪਿਊਟਰ, ਸਰਵਰ, ਪ੍ਰਿੰਟਰ, ਸਕੈਨੇਰ ਅਤੇ ਸਮਾਰਟ ਬੋਰਡ ਦੀ ਵਿਵਸਥਾ ਹੈ।ਇਸ ਤੋਂ ਇਲਾਵਾ ਨੈਟਵਰਕਿੰਗ, ਇੰਟਰਨੈਟ ਅਤੇ ਵਿਭਾਗੀ ਲਾਇਬ੍ਰੇਰੀ ਦੀ ਸਹੂਲਤ ਵੀ ਉਪਲੱਬਧ ਹੈ।

## ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ (CAREER COUNSELLING AND PLACEMENT CELL)

ਕਾਲਜ ਵਿੱਚ ਵਿਦਿਆਰਥੀਆਂ ਨੂੰ ਰੋਜ਼ਗਾਰ ਨਿਪੁੰਨਤਾ ਅਤੇ ਕੈਰੀਅਰ ਗਾਈਡੈਂਸ ਦੇਣ ਲਈ ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ ਸੁਚਾਰੂ ਰੂਪ ਨਾਲ ਆਪਣਾ ਯੋਗਦਾਨ ਦੇ ਰਿਹਾ ਹੈ। ਇਸ ਸੈੱਲ ਦੁਆਰਾ ਵਿਦਿਆਰਥੀਆਂ ਨੂੰ ਅਲੱਗ-ਅਲੱਗ ਕਿੱਤਿਆਂ ਲਈ ਜਾਣਕਾਰੀ ਦੇਣ ਲਈ ਸਮੇਂ-ਸਮੇਂ ਤੇ ਮਾਹਿਰਾਂ ਵੱਲੋਂ ਲੈਕਚਰ ਕਰਵਾਏ ਜਾਂਦੇ ਹਨ। ਸੈਸ਼ਨ 2021-22 ਵਿਚ ਕਾਲਜ ਦੁਆਰਾ White Eagle Laboratories, Career Consultant 3, GSA Industries, District Bar Association Patiala, NIIT, Bajaj Finserv Limited, Adhivakta Parishad Punjab Unit ਨਾਲ ਐਮ.ਓ.ਯੂ. ਸਾਈਨ ਹੋਏ ਹਨ।

## ਐਨ. ਸੀ. ਸੀ.(N.C.C.)

ਕਾਲਜ ਵਿੱਚ ਐਨ. ਸੀ. ਸੀ. ਵਿੱਚ ਭਰਤੀ ਕੀਤੇ ਕੈਡਿਟਾਂ ਨੂੰ ਐਨ. ਸੀ. ਸੀ. ਕਮਿਸ਼ੰਡ ਅਫ਼ਸਰਾਂ ਦੁਆਰਾ ਸਿਖਲਾਈ ਦਿੱਤੀ ਜਾਂਦੀ ਹੈ। ਕੈਡਿਟਸ ਨੂੰ ਬੀ ਅਤੇ ਸੀ ਸਰਟੀਫਿਕੇਟ ਇਮਤਿਹਾਨਾਂ ਲਈ ਵਿਸ਼ੇਸ਼ ਤਿਆਰੀ ਕਰਵਾਈ ਜਾਂਦੀ ਹੈ ਅਤੇ ਸਰਟੀਫਿਕੇਟ ਪ੍ਰਾਪਤ ਕਰਨ ਵਾਲੇ ਕੈਡਿਟਾਂ ਨੂੰ ਸੁਰੱਖਿਆ/ਸਿਵਲ ਸੇਵਾਵਾਂ ਵਿੱਚ ਭਰਤੀ ਲਈ ਪਹਿਲ ਦਿੱਤੀ ਜਾਂਦੀ ਹੈ।ਚੁਣੇ ਹੋਏ ਐਨ. ਸੀ. ਸੀ. ਕੈਡਿਟ ਆਲ ਇੰਡੀਆ ਮਾਊਨਟੇਨਰਿੰਗ ਅਡਵਾਂਸ ਅਤੇ ਬੇਸਿਕ ਲੀਡਰਸ਼ਿਪ ਕੋਰਸਾਂ ਲਈ ਭੇਜੇ ਜਾਂਦੇ ਹਨ। ਰੈਗੂਲਰ ਅਟੈਚਮੈਂਟ ਕੋਰਸਾਂ ਲਈ ਕੈਡਿਟ ਚੁਣ ਕੇ ਭੇਜੇ ਜਾਂਦੇ ਹਨ। ਉੱਤਮ ਨਿਸ਼ਾਨਚੀਆਂ ਨੂੰ ਕਾਲਜ ਰਾਈਫਲ ਸ਼ੂਟਿੰਗ ਟੀਮ (ਲੜਕਿਆਂ) ਵਿੱਚ ਸ਼ਾਮਲ ਕਰਕੇ ਅੰਤਰ ਯੂਨੀਵਰਸਿਟੀ ਰਾਈਫਲ ਸ਼ੂਟਿੰਗ ਮੁਕਾਬਲਿਆਂ ਵਿੱਚ ਭੇਜਿਆ ਜਾਂਦਾ ਹੈ।



CamScanner

## ਕੌਮੀ ਸੇਵਾ ਯੋਜਨਾਂ (N.S.S.)

ਐਨ. ਐਸ. ਐਸ. ਦਾ ਮੰਤਵ ਵਿਦਿਆਰਥੀਆਂ ਵਿੱਚ ਕੌਮੀ, ਸਮਾਜਕ ਅਤੇ ਮਾਨਵਤਾ ਦੀ ਸੇਵਾ ਭਾਵਨਾ ਪੈਦਾ ਕਰਨਾ ਹੈ। ਐਨ. ਐਸ. ਐਸ. ਵਲੰਟੀਅਰਜ਼, ਜੋ ਇੱਕ ਰੋਜ਼ਾ, 7 ਰੋਜ਼ਾ, ਨੈਸ਼ਨਲ ਇੰਟੀਗ੍ਰੇਸ਼ਨ, ਅਡਵੈਂਚਰ ਕੈਪਾਂ, ਖੂਨਦਾਨ ਅਤੇ ਬਾਲਗ ਵਿਦਿਆ ਦੇ ਕਾਰਜਾਂ ਵਿਚ ਹਿੱਸਾ ਲੈਂਦੇ ਹਨ, ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ ਏ, ਬੀ ਅਤੇ ਸੀ ਸਰਟੀਫਿਕੇਟ ਵੀ ਦਿੱਤੇ ਜਾਂਦੇ ਹਨ। ਇਹਨਾਂ ਸਰਟੀਫਿਕੇਟਾਂ ਦੇ ਆਧਾਰ ਤੇ ਉਹਨਾਂ ਨੂੰ ਉਚੇਰੀ ਜਮਾਤ ਵਿੱਚ ਦਾਖਲੇ ਲਈ, ਸਰਕਾਰੀ ਅਤੇ ਦੂਜੇ ਅਦਾਰਿਆਂ ਵਿੱਚ ਨੌਕਰੀਆਂ ਪ੍ਰਾਪਤ ਕਰਨ ਸਮੇਂ ਤਰਜੀਹ ਦਿੱਤੀ ਜਾਂਦੀ ਹੈ। ਇਸ ਕਾਲਜ ਵਿੱਚ ਐਨ.ਐਸ.ਐਸ. ਦੇ ਦੋ ਯੂਨਿਟ ਚੱਲ ਰਹੇ ਹਨ।

## ਖੇਡਾਂ (SPORTS)

ਕਾਲਜ ਵਲੋਂ, ਟੇਬਲ ਟੈਨਿਸ, ਬੈਡਮਿੰਟਨ, ਵਾਲੀਬਾਲ, ਹੈਂਡਬਾਲ, ਵੇਟ ਲਿਫਟਿੰਗ, ਕ੍ਰਿਕਟ, ਅਥਲੈਟਿਕਸ ਖੇਡਣ ਲਈ ਵਿਸ਼ੇਸ਼ ਸਹੂਲਤਾਂ ਮੁਹੱਈਆ ਹਨ। ਇਨ੍ਹਾਂ ਖੇਡਾਂ ਲਈ ਵੱਖ-ਵੱਖ ਕਲੱਬ ਸਥਾਪਿਤ ਕੀਤੇ ਗਏ ਹਨ, ਵਿਦਿਆਰਥੀਆਂ ਨੂੰ ਉਹਨਾਂ ਦੀਆਂ ਉਪਲੱਬਧੀਆਂ ਦੇ ਆਧਾਰ ਤੇ ਮੈਰਿਟ ਸਰਟੀਫਿਕੇਟ, ਕਾਲਜ ਕਲਰ ਅਤੇ ਰੋਲ ਆਫ਼ ਆਨਰ ਨਾਲ ਸਨਮਾਨਿਆ ਜਾਂਦਾ ਹੈ। ਬੀ.ਕਾਮ-1 ਦਾ ਦਾਖ਼ਲਾ ਉਹਨਾਂ ਦੇ ਖੇਡਾਂ ਦੇ ਸਰਟੀਫਿਕੇਟ ਦੇ ਗ੍ਰੇਡੇਸ਼ਨ ਦੇ ਅਧਾਰ ਤੇ ਕੀਤਾ ਜਾਂਦਾ ਹੈ।

## ਯੂਥ/ਕਲਚਰਲ ਐਕਟੀਵਿਟੀਜ਼ ਕੱਲਬ (YOUTH/ CULTURAL ACTIVITIES CLUB)

ਯੂਥ ਕਲੱਬ ਦਾ ਮੰਤਵ ਵਿਦਿਆਰਥੀਆਂ ਵਿੱਚ ਕਲਾਤਮਕ ਰੁਚੀਆਂ ਨੂੰ ਪ੍ਰਫੁੱਲਤ ਕਰਨਾ ਹੈ। ਇਹ ਵੱਖ-ਵੱਖ ਭਾਸ਼ਾਵਾਂ ਵਿਚ ਅੰਤਰ ਕਲਾਸ/ਕਾਲਜ ਦੇ ਪੱਧਰ ਤੇ ਡੀਬੇਟ, ਭਾਸ਼ਣ ਆਦਿ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦਾ ਹੈ।

ਇਸ ਮੰਤਵ ਲਈ ਗਿੱਧਾ, ਭੰਗੜਾ, ਸਕਿੱਟ, ਇਕਾਂਗੀ, ਕਾਵਿ-ਉਚਾਰਣ ਆਦਿ ਪ੍ਰਤੀਯੋਗਤਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਕਲੱਬ ਦਾ ਮੰਤਵ ਰਾਸ਼ਟਰੀ/ਅੰਤਰ ਰਾਸ਼ਟਰੀ ਦਿਵਸ ਅਤੇ ਗੁਰੂ ਸਾਹਿਬਾਨਾਂ ਦੇ ਜਨਮ ਦਿਵਸ ਮਨਾਉਣਾ ਵੀ ਹੈ।ਹਰ ਸਾਲ ਕਾਲਜ ਵਿੱਚ ਵਿਦਿਆਰਥੀਆਂ ਦੇ ਪ੍ਰਤਿਭਾਖੋਜ ਮੁਕਾਬਲੇ ਕਰਵਾਏ ਜਾਂਦੇ ਹਨ।

## ਰੈੱਡ ਕਰਾਸ (RED CROSS)

ਇਸ ਕਾਲਜ ਵਿਚ 50 ਵਿਦਿਆਰਥੀਆਂ ਦਾ ਰੈਡ ਕਰਾਸ ਯੂਨਿਟ ਹੈ। ਇਸ ਯੂਨਿਟ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਾਤ ਕਾਲੀਨ ਹਾਲਤਾਂ ਵਿਚ ਮੁੱਢਲੀ ਸਹਾਇਤਾ ਦੀ ਸਿਖਲਾਈ ਦੇਣਾ ਅਤੇ ਵਿਦਿਆਰਥੀਆਂ ਨੂੰ ਮੈਡੀਕਲ ਸੁਵਿਧਾਵਾਂ ਉਪਲੱਬਧ ਕਰਵਾਉਣਾ ਹੈ।

## ਐਂਟੀ ਰੈਗਿੰਗ ਸੈੱਲ (ANTI-RAGGING CELL)

ਇਹ ਸੈੱਲ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਧੀਨ ਵਿਦਿਆਰਥੀਆਂ ਦੀ ਰੈਗਿੰਗ ਸੰਬੰਧੀ ਚੇਤਨਾ ਤੇ ਸੁਰੱਖਿਆ ਲਈ ਲਗਾਤਾਰ ਕੰਮ ਕਰਦਾ ਆ ਰਿਹਾ ਹੈ।

## ਸ਼ਿਕਾਇਤ ਨਿਵਾਰਨ ਕਮੇਟੀ (GRIEVANCE REDRESSAL COMMITTEE)

ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਅਤੇ ਉਹਨਾਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਜਾਂਦੇ ਸੁਝਾਵਾਂ ਤੇ ਅਮਲ ਲਈ ਕਾਲਜ ਵਿਚ ਸ਼ਿਕਾਇਤ ਨਿਰਵਾਣ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਵਿਦਿਆਰਥੀ ਆਪਣੀਆਂ ਸ਼ਿਕਾਇਤਾਂ ਅਤੇ ਸੁਝਾਅ ਸ਼ਿਕਾਇਤ ਨਿਰਵਾਣ ਕਮੇਟੀ ਨੂੰ ਦੇ ਸਕਦੇ ਹਨ।

## ਐਂਟੀ ਹਰਾਸਮੈਂਟ ਸੈੱਲ ( ANTI HARASSMENT CELL)

ਕਾਲਜ ਦੇ ਵਿਦਿਆਰਥੀਆਂ ਲਈ Redressal ਅਤੇ Grievance ਸੈੱਲ ਦਾ ਗਠਨ ਕੀਤਾ ਗਿਆ। ਇਸ ਵਿੱਚ ਹਰ ਕਲਾਸ ਦੇ ਵਿਦਿਆਰਥੀ ਨੂੰ ਇੱਕ ਮੈਂਟਰ (MENTOR) ਦੇ ਅਧੀਨ ਇੱਕ ਕਲਾਸ ਨੂੰ ਗਰੁੱਪ ਦੇ ਤੌਰ ਤੇ ਰੱਖਿਆ ਗਿਆ। ਜਿਸ ਵਿੱਚ ਹਫ਼ਤਾਵਰ ਜਾਂ ਪੰਦਰ੍ਹਵਾੜਾ ਹਾਊਸ ਮੀਟ ਹੁੰਦੀ ਹੈ।ਇਸ ਦੌਰਾਨ ਵਿਦਿਆਰਥੀ ਆਪਣੀਆਂ ਮੁਸ਼ਕਲਾਂ ਵਿਅਕਤੀਗਤ ਤੌਰ ਤੇ ਮੈਂਟਰ ਨਾਲ ਸਾਂਝੀਆਂ ਕਰ ਸਕਦਾ ਹੈ।

## ਲੀਗਲ ਲਿਟਰੇਸੀ ਸੈੱਲ (LEGAL LITERACY CELL)

ਸਰਕਾਰੀ ਹੁਕਮਾਂ ਅਨੁਸਾਰ ਕਾਲਜ ਵਿਚ ਕਾਲਜ ਦੇ ਵਿਦਿਆਰਥੀਆਂ ਨੂੰ ਮੁੱਢਲੀ ਕਾਨੂੰਨੀ ਜਾਣਕਾਰੀ ਦੇਣ ਦੇ ਮੰਤਵ ਲਈ ਸਥਾਪਿਤ ਇਸ ਸੈੱਲ ਦੀ ਸਥਾਪਨਾ ਕੀਤੀ ਗਈ ਹੈ। ਅਕਾਦਮਿਕ ਸ਼ੈਸਨ ਦੌਰਾਨ ਕਾਨੂੰਨ ਦੇ ਖੇਤਰ ਦੇ ਸਿਰਕੱਢ ਵਿਸ਼ਾ ਮਾਹਿਰਾਂ ਨੂੰ ਸੱਦਾ ਦੇ ਕੇ ਵਿਦਿਆਰਥੀਆਂ ਨੂੰ ਕਾਨੂੰਨੀ ਮਸਲਿਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

## ਸਵੱਛਤਾ ਸੈੱਲ ( SWACHTA CELL)

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਨੂੰ ਸਵੱਛਤਾ ਪ੍ਰਤੀ ਜਾਗਰੂਕ ਕਰਨ ਲਈ ਕਾਲਜ ਵੱਲੋਂ ਸਵੱਛਤਾ ਸੈੱਲ ਬਣਾਇਆ ਗਿਆ ਹੈ।



CamScanner

## ਸੇ ਨੋ ਟੂ ਡਰਗਜ਼ ਸੈੱਲ (SAY NO TO DRUGS CELL)

ਇਹ ਸੈੱਲ ਸਮੇਂ-ਸਮੇਂ ਤੇ ਵਿਦਿਆਰਥੀਆਂ ਦੇ Buddy Groups ਬਣਾ ਕੇ Senior Buddies ਦੇ ਸਹਿਯੋਗ ਨਾਲ ਨਸ਼ਿਆਂ ਅਤੇ ਉਹਨਾਂ ਦੇ ਨੁਕਸਾਨਾਂ ਦੇ ਵਿਰੁੱਧ ਸੁਚੇਤ ਕਰਦਾ ਆ ਰਿਹਾ ਹੈ।

## ਇਨਵਾਇਰਮੈਂਟ ਕਲੱਬ (ENVIRONMENT CLUB)

ਕਾਲਜ ਕੈਂਪਸ ਨੂੰ ਸੁੰਦਰ ਅਤੇ ਹਰਾ ਭਰਾ ਬਣਾਉਣ ਲਈ ਕਾਲਜ ਵਿੱਚ ਇਨਵਾਇਰਨਮੈਂਟ ਸੁਸਾਇਟੀ ਬਣਾਈ ਗਈ ਹੈ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਮਨਾ ਵਿਚ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਜਾਗਰੂਕਤਾ ਪੈਦਾ ਕਰਨਾ ਹੈ।

## ਵੋਟਰਜ਼ ਕਲੱਬ (VOTERS CLUB)

ਕਾਲਜ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵੋਟਰ ਕਲੱਬ ਬਣਾਇਆ ਗਿਆ ਹੈ। ਵੋਟਰਜ਼ ਕਲੱਬ ਅਧੀਨ ਸਵੀਪ ਗਤੀਵਿਧੀਆਂ ਤਹਿਤ ਪੰਜਾਬ ਵਿਧਾਨ ਸਭਾ ਚੋਣਾਂ 2022 ਦੇ ਮੱਦੇਨਜ਼ਰ ਵਿਦਿਆਰਥੀਆਂ ਵਿੱਚ ਚੋਣ ਪ੍ਰਕਿਰਿਆ ਅਤੇ ਲੋਕਤੰਤਰ ਪ੍ਰਤੀ ਜਾਗਰੂਕਤਾ ਫੈਲਾਉਣ ਹਿੱਤ ਕਾਲਜ ਵਿਖੇ ਵਾਦ-ਵਿਵਾਦ, ਭਾਸ਼ਣ, ਸਲੋਗਨ ਰਚਨਾ ਅਤੇ ਪੋਸਟਰ ਮੇਕਿੰਗ ਆਦਿ ਦੇ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਕਾਲਜ ਵਿੱਚ ਪੜ੍ਹ ਰਹੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ 491 ਵਿਦਿਆਰਥੀਆਂ ਦੀਆਂ ਵੋਟਾਂ ਬਣਵਾਈਆਂ ਗਈਆਂ ਹਨ ਅਤੇ ਕਾਲਜ ਵਿੱਚ 100 ਪ੍ਰਤੀਸ਼ਤ ਯੋਗ ਵਿਦਿਆਰਥੀਆਂ ਦੀ ਵੋਟ ਨੂੰ ਸੁਨਿਸ਼ਚਿਤ ਕੀਤਾ ਗਿਆ ਹੈ।

## ਰੈੱਡ ਰਿਬਨ ਕਲੱਬ (RED RIBBON CLUB)

ਕਾਲਜ ਵਿੱਚ ਰੈੱਡ ਰਿਬਨ ਕਲੱਬ ਬਣਾਇਆ ਗਿਆ ਹੈ। ਜਿਸ ਵਿੱਚ ਨੌਜਵਾਨਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਤੇ ਖੁੱਲ ਕੇ ਚਰਚਾ ਕੀਤੀ ਜਾਂਦੀ ਹੈ। ਇਹ ਨੌਜਵਾਨਾਂ ਲਈ ਅਜਿਹਾ ਮੰਚ ਹੈ, ਜਿਸ ਕਰਕੇ ਉਹ ਸਿਹਤਮੰਦ ਜੀਵਨ ਜਿਉਣ ਲਈ ਪ੍ਰੇਰਿਤ ਹੁੰਦੇ ਹਨ। ਇਹ ਕਲੱਬ ਯੂਥ ਸਰਵਿਸਿਜ਼ ਪੰਜਾਬ ਅਧੀਨ ਵਿਦਿਆਰਥੀਆਂ ਨੂੰ ਏਡਜ਼ ਪ੍ਰਤੀ ਜਾਗਰੂਕ ਕਰਨ ਅਤੇ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਦਾ ਹੈ।

## ਬਿਕਰਮ ਅਲੂਮਨੀ ਗਲੋਬਲ ਐਸੋਸੀਏਸ਼ਨ (BIKRAM ALUMNI GLOBAL ASSOCIATION)

ਕਾਲਜ ਵਲੋਂ ਉਪਰੋਕਤ ਨਾਮ ਦੀ ਸੰਸਥਾ ਬਣਾਈ ਗਈ ਹੈ ਜਿਸ ਵਿਚ ਪੁਰਾਣੇ ਵਿਦਿਆਰਥੀ ਅਤੇ ਫੈਕਲਟੀ ਮੈਂਬਰਜ਼ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੰਸਥਾ ਵਲੋਂ ਇੱਕਤਰ ਕੀਤਾ ਗਿਆ ਧਨ ਵਿਦਿਆਰਥੀਆਂ ਅਤੇ ਸੰਸਥਾ ਦੀ ਭਲਾਈ ਅਤੇ ਬੇਹਤਰੀ ਲਈ ਖਰਚ ਕੀਤਾ ਜਾਂਦਾ ਹੈ। ਹਰ ਸਾਲ ਇਸਦੇ ਮੈਂਬਰਾਂ ਦਾ ਜਰਨਲ ਇਜਲਾਸ ਸੱਦਿਆ ਜਾਂਦਾ ਹੈ।

## ਬਿਕਰਮ ਹੈਲਪਿੰਗ ਹੈਂਡਜ਼ (BIKRAM HELPING HANDS)

ਇਹ ਇੱਕ ਸਵੈ-ਇਛੱਤ ਸੰਸਥਾ ਹੈ। ਇਸ ਸੰਸਥਾ ਦੁਆਰਾ ਲੋੜਵੰਦਾਂ ਨੂੰ ਲੋੜ ਅਨੁਸਾਰ ਦਵਾਈਆਂ, ਲੋੜੀਂਦੀਆਂ ਵਸਤਾਂ ਅਤੇ ਮਾਲੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ।

## ਡਿਵਾਇਨ ਕਲੱਬ (DIVINE CLUB)

ਡਿਵਾਇਨ ਕਲੱਬ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਧਿਆਤਮਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣਾ ਅਤੇ ਸਮੇਂ-ਸਮੇਂ ਅਧਿਆਤਮਕਤਾ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਤੇ ਲੈਕਚਰ ਕਰਵਾਉਣਾ ਹੈ।

## ਡੈਫ ਫਰੈਂਡਸ਼ਿਪ ਕਲੱਬ (DEAF FRIENDSHIP CLUB)

ਕਾਲਜ ਵਿਚ ਅਜਿਹੇ ਵਿਦਿਆਰਥੀਆਂ ਦੀ ਇੱਕ ਸੁਸਾਇਟੀ ਬਣੀ ਹੋਈ ਹੈ ਜਿਸਦੀ ਮਦਦ ਨਾਲ ਗੂੰਗੇ ਤੇ ਬੋਲੇ ਵਿਦਿਆਰਥੀ ਹਰ ਐਤਵਾਰ ਆਪਣੇ ਸੈਮੀਨਾਰ ਅਤੇ ਹੋਰ ਸਮਾਗਮ ਇਸ ਕਾਲਜ ਵਿੱਚ ਕਰਵਾਉਂਦੇ ਹਨ।

## ਮਾਪੇ-ਅਧਿਆਪਕ ਐਸੋਸੀਏਸ਼ਨ (PARENTS-TEACHERS ASSOCIATION)

ਵਿਦਿਆਰਥੀਆਂ ਦੀ ਲਗਾਤਾਰ ਤਰੱਕੀ ਬਾਰੇ ਜਾਣਕਾਰੀ ਦੇਣ ਲਈ ਮਾਪੇ-ਆਧਿਆਪਕ ਐਸ਼ੋਸੀਏਸ਼ਨ ਬਣਾਈ ਗਈ ਹੈ, ਜਿਸ ਵਿਚ ਮਾਪੇ ਅਤੇ ਅਧਿਆਪਕ ਸਮੇਂ ਸਮੇਂ ਇੱਕਠੇ ਬੈਠ ਕੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ। ਕਾਲਜ ਦੇ ਪ੍ਰਿੰਸੀਪਲ ਪਦਵੀ ਕਰਕੇ ਇਸ ਸੰਸਥਾ ਦੇ ਪ੍ਰਧਾਨ ਹਨ। ਇਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਹਰ ਸਾਲ ਜਨਰਲ ਹਾਊਸ ਦੀ ਮੀਟਿੰਗ ਵਿੱਚ ਹੁੰਦੀ ਹੈ। ਮਾਪਿਆਂ ਵਿੱਚੋਂ ਚੋਣ ਰਾਹੀਂ ਸੀਨੀਅਰ ਮੀਤ ਪ੍ਰਧਾਨ, ਸਕੱਤਰ ਅਤੇ ਹੋਰ ਕਾਰਜ-ਕਾਰੀ ਮੈਂਬਰ ਚੁਣੇ ਜਾਂਦੇ ਹਨ। ਸੈਸ਼ਨ 2022-23 ਲਈ ਮਾਪੇ ਅਧਿਆਪਕ ਐਸੋਸ਼ੀਏਸ਼ਨ ਦੇ ਜਨਰਲ ਹਾਊਸ ਦੀ ਮੀਟਿੰਗ ਮਿਤੀ 10-09-2022 ਦਿਨ ਸ਼ਨੀਵਾਰ ਨੂੰ ਸਵੇਰੇ 11.30 ਵਜੇ ਪ੍ਰਿੰਸੀਪਲ ਸਾਹਿਬਾ ਦੀ ਪ੍ਰਧਾਨਗੀ ਹੇਠ ਕਾਲਜ ਵਿਖੇ ਹੋਵੇਗੀ, ਜਿਸ ਵਿਚ ਸ਼ਾਮਲ ਹੋਣ ਲਈ ਕਾਲਜ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਜੇ ਕਿਸੇ ਕਾਰਨ ਨਿਰਧਾਰਿਤ ਮਿਤੀ ਨੂੰ ਪੀ.ਟੀ.ਏ ਦੀ ਮੀਟਿੰਗ ਨਹੀਂ ਹੁੰਦੀ ਤਾਂ ਮੀਟਿੰਗ ਦੀ ਨਵੀਂ ਮਿਤੀ ਦੀ ਸੂਚਨਾ ਨੋਟਿਸ ਬੋਰਡ ਤੇ ਦਿੱਤੀ ਜਾਵੇਗੀ।



CamScanner

## ਆਰ.ਟੀ.ਆਈ. ਸੈੱਲ (R.T.I. CELL)

ਹਰੇਕ ਪਬਲਿਕ ਅਧਿਕਾਰੀ ਦੇ ਕਾਰਜਾਂ ਵਿੱਚ ਪਾਰਦਰਸ਼ਤਾ, ਜਵਾਬਦੇਹੀ ਉੱਨਤ ਕਰਨ ਅਤੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਕਾਲਜ ਵਿਚ ਆਰ.ਟੀ.ਆਈ ਸੈੱਲ ਬਣਾਇਆ ਗਿਆ ਹੈ।

## ਰਾਈਟ ਟੂ ਸਰਵਿਸ ਐਕਟ ਪੰਜਾਬ (RIGHT TO SERVICE ACT PUNJAB)

ਇਸ ਦਾ ਮੰਤਵ ਰਾਜ ਦੇ ਲੋਕਾਂ ਨੂੰ ਮਿਥੇ ਹੋਏ ਸਮੇਂ ਵਿਚ ਸਿੱਖਿਆ ਨਾਲ ਸਬੰਧਿਤ ਸੇਵਾਵਾਂ ਨੂੰ ਪ੍ਰਦਾਨ ਕਰਨਾ ਹੈ। ਇਸ ਸਬੰਧ ਵਿਚ ਕਾਲਜ ਦੇ ਇੱਕ ਅਧਿਕਾਰੀ ਨੂੰ ਨਿਯੁਕਤ ਕੀਤਾ ਜਾਂਦਾ ਹੈ।

## ਕਾਲਜ ਮੈਗਜ਼ੀਨ (COLLEGE MAGAZINE)

"ਬਿਕਰਮ" ਇੱਕ ਸਲਾਨਾ ਪ੍ਰਕਾਸ਼ਨ ਹੈ। ਇਸ ਮੈਗਜ਼ੀਨ ਵਿੱਚ ਕਾਮਰਸ, ਇਕਨਾਮਿਕਸ, ਕੰਪਿਊਟਰ ਅਤੇ ਹੋਰ ਮਹੱਤਵਪੂਰਨ ਵਿਸ਼ਿਆਂ ਨਾਲ ਸੰਬੰਧਤ ਲੇਖ ਅਤੇ ਪ੍ਰਕਾਸ਼ਨਾਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਮੰਤਵ ਵਿਦਿਆਰਥੀਆਂ ਅੰਦਰ ਸਿਰਜਣਾਤਮਕ ਰੁਚੀਆਂ ਪੈਦਾ ਕਰਨਾ ਹੈ। ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਨੂੰ ਪ੍ਰਕਾਸ਼ਨ-ਮੰਡਲ ਵਿੱਚ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ।

## ਪੰਜਾਬੀ ਭਾਸ਼ਾ ਮੰਚ (PUNJABI BHASHA MANCH)

ਵਿਦਿਆਰਥੀਆਂ ਵਿੱਚ ਸਾਹਿਤ ਅਤੇ ਕਲਾ ਦੀ ਰੁਚੀ ਵਿਕਸਤ ਕਰਨ ਹਿੱਤ, ਵਿਦਿਆਰਥੀਆਂ ਨੂੰ ਕਾਲਜ ਅੰਦਰ ਹੀ ਪੰਜਾਬੀ ਮਾਂ ਬੋਲੀ ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨ ਲਈ ਭਾਸ਼ਾ ਮੰਚ ਦੀ ਸਥਾਪਨਾ ਕੀਤੀ ਗਈ ਹੈ। ਇਸ ਭਾਸ਼ਾ ਮੰਚ ਅਧੀਨ ਪੰਜਾਬੀ ਸਾਹਿਤ ਸਭਾ ਦਾ ਨਿਰਮਾਣ ਕੀਤਾ ਗਿਆ ਹੈ। ਇਸ ਸਭਾ ਵਿਚ ਕਾਲਜ ਦੇ ਵਿਦਿਆਰਥੀਆਂ ਨੂੰ ਮੈਂਬਰ ਬਣਾਇਆ ਗਿਆ ਹੈ ਅਤੇ ਇਨ੍ਹਾਂ ਵਿੱਚੋਂ ਹੀ ਅਹੁਦੇਦਾਰਾਂ ਦੀ ਚੋਣ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ, ਪ੍ਰੈੱਸ ਸਕੱਤਰ ਵਜੋਂ ਕੀਤੀ ਗਈ ਹੈ। ਸਾਹਿਤ ਸਭਾ ਦੇ ਇਹ ਸਾਰੇ ਮੈਂਬਰ ਭਾਸ਼ਾ ਵਿਭਾਗ, ਪੰਜਾਬ ਨਾਲ ਮਿਲ ਕੇ ਕੰਮ ਕਰਦੇ ਹਨ ਅਤੇ ਅਜਿਹਾ ਕਰਦੇ ਹੋਏ ਉਹਨਾਂ ਦੀ ਸਾਹਿਤ ਨਾਲ ਨੇੜੇ ਦੀ ਸਾਂਝ ਪੈਦਾ ਹੁੰਦੀ ਹੈ। ਸਾਹਿਤ ਸਭਾ ਦੇ ਮੈਂਬਰਾਂ ਵੱਲੋਂ ਸਮੇਂ-ਸਮੇਂ ਉੱਤੇ ਸਵੈ-ਰਚਿਤ ਰਚਨਾਵਾਂ ਰਚ ਕੇ ਪੰਜਾਬੀ ਸਾਹਿਤ ਦੇ ਪ੍ਰਸਾਰ ਵਿੱਚ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਣ ਦਾ ਤੁੱਛ ਜਿਹਾ ਉਪਰਾਲਾ ਵੀ ਕੀਤਾ ਗਿਆ ਹੈ। ਰਾਸ਼ਟਰੀ/ਅੰਤਰ ਰਾਸ਼ਟਰੀ ਦਿਵਸ ਅਤੇ ਗੁਰੂ ਸਾਹਿਬਾਨਾਂ ਦੇ ਜਨਮ ਦਿਹਾੜੇ ਮਨਾਉਣਾ ਅਤੇ ਸਮੇਂ-ਸਮੇਂ ਐਕਸਟੈਂਸ਼ਨ ਲੈਕਚਰ ਕਰਵਾਉਣਾ ਵੀ ਇਸ ਮੰਚ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੈ।

ਇਸੇ ਲੜੀ ਅਧੀਨ ਭਾਸ਼ਾ ਵਿਭਾਗ ਪੰਜਾਬ ਦੁਆਰਾ ਛਾਪੇ ਜਾਣ ਵਾਲੇ ਰਸਾਲਿਆਂ ਦੀ ਮੈਂਬਰਸ਼ਿਪ ਵੀ ਕਾਲਜ ਦੇ ਅਧਿਆਪਕਾਂ ਅਤੇ ਲਾਇਬ੍ਰੇਰੀ ਵਾਸਤੇ ਲਈ ਗਈ ਹੈ। ਅੱਠ ਅਧਿਆਪਕਾਂ ਦੁਆਰਾ 'ਪੰਜਾਬੀ ਦੁਨੀਆ' ਰਸਾਲੇ ਦੀ ਮੈਂਬਰਸ਼ਿਪ ਲਈ ਗਈ ਹੈ ਅਤੇ ਕਾਲਜ ਲਾਇਬ੍ਰੇਰੀ ਲਈ ਪੰਜਾਬੀ ਦੁਨੀਆ, ਜਨ ਸਾਹਿਤ, ਪੰਜਾਬ ਸੌਰਭ ਰਸਾਲਿਆਂ ਦੀ ਮੈਂਬਰਸ਼ਿਪ ਲਈ ਗਈ ਹੈ।

## ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫ਼ਿਕੇਟ ਪ੍ਰਦਾਨ ਕਰਨ ਸੰਬੰਧੀ ਨਿਯਮ

## (RULES REGARDING ROLL OF HONOUR, COLLEGE COLOUR AND MERIT CERTIFICATE)

(1) ਕਿਸੇ ਵਿਦਿਆਰਥੀ ਨੂੰ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਰੇਟ ਦੇਣ ਬਾਰੇ ਤਾਂ ਹੀ ਵਿਚਾਰ ਕੀਤਾ ਜਾਵੇਗਾ, ਜੇਕਰ ਉਸ ਦਾ ਆਚਰਣ ਬਿਲਕੁਲ ਠੀਕ ਹੋਵੇਗਾ।

(2) ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕਰਨ ਸੰਬੰਧੀ ਬਣਾਏ ਗਏ ਨਿਯਮਾਂ ਵਿਚ ਅਦਲਾ-ਬਦਲੀ ਦਾ ਅਧਿਕਾਰ ਕੇਵਲ ਪ੍ਰਿੰਸੀਪਲ ਸਾਹਿਬ ਨੂੰ ਹੋਵੇਗਾ।

(4) ਉੱਘੀ ਪ੍ਰਾਪਤੀ ਵਾਲੇ ਅਜਿਹਾ ਕੇਸਾਂ ਤੇ ਜਿਹੜੇ ਕਿ ਇਨ੍ਹਾਂ ਨਿਯਮਾਂ ਵਿਚ ਬਿਆਨ ਨਹੀਂ ਕੀਤੇ ਗਏ, ਪ੍ਰਿੰਸੀਪਲ ਸਾਹਿਬ ਵਲੋਂ ਵਿਚਾਰ ਕੀਤਾ ਜਾਵੇਗਾ ਅਤੇ ਪ੍ਰਿੰਸੀਪਲ ਸਾਹਿਬ ਵਲੋਂ ਕੀਤਾ ਗਿਆ ਫੈਸਲਾ ਪ੍ਰਵਾਨ ਕੀਤਾ ਜਾਵੇਗਾ।

ਕਾਲਜ ਵਲੋਂ ਨਿਮਨਲਿਖਿਤ ਖੇਤਰਾਂ ਵਿੱਚ ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ:-

## ਅਕਾਦਮਿਕ (ACADEMICS)

### 1. ਰੋਲ ਆਫ਼ ਆਨਰ (ROLL OF HONOUR)

(1) ਇਸ ਮੰਤਵ ਲਈ ਨਿਮਨਲਿਖਿਤ ਕਲਾਸਾਂ ਨੂੰ ਇੱਕ-ਇੱਕ ਕਲਾਸ ਵਿਚ ਗਿਣਿਆ ਜਾਵੇਗਾ ਅਤੇ ਐਵਾਰਡ ਕੇਵਲ ਆਖਰੀ ਕਲਾਸ ਵਿਚ ਦਿੱਤਾ ਜਾਵੇਗਾ।

(ੳ) ਐਮ. ਕਾਮ. ਅਤੇ ਐਮ.ਐਸ.ਸੀ. (ਆਈ.ਟੀ.) ਭਾਗ ਪਹਿਲਾ ਅਤੇ ਦੂਜਾ

(ਅ) ਬੀ.ਕਾਮ ਅਤੇ ਬੀ.ਸੀ.ਏ ਭਾਗ ਪਹਿਲਾ, ਦੂਜਾ ਅਤੇ ਤੀਜਾ

(2) ਯੂਨੀਵਰਸਿਟੀ ਪ੍ਰੀਖਿਆ ਫਸਟ ਡਿਵੀਜ਼ਨ ਵਿਚ ਪਾਸ ਕਰਕੇ, ਪੰਜਾਬੀ ਯੂਨੀਵਰਸਿਟੀ ਵੱਲੋਂ ਜਾਰੀ ਮੈਰਿਟ ਲਿਸਟ ਵਿੱਚੋਂ ਪਹਿਲੀਆਂ ਦਸ ਪੁਜ਼ੀਸ਼ਨਾਂ ਵਿੱਚ ਸਥਾਨ ਹਾਸਿਲ ਕੀਤਾ ਹੋਵੇ। ਇਹ ਪ੍ਰੀਖਿਆ ਉਸਨੇ ਪਹਿਲੇ ਯਤਨ ਵਿਚ ਹੀ ਪਾਸ ਕੀਤੀ ਹੋਵੇ। ਸਪਲੀਮੈਂਟ ਪ੍ਰੀਖਿਆ ਵਿੱਚ

ਫਸਟ ਆਉਣ ਵਾਲੇ ਨੂੰ ਕੋਈ ਮਾਨਤਾ ਨਹੀਂ ਦਿੱਤੀ ਜਾਵੇਗੀ।

**2. ਕਾਲਜ ਕਲਰ (COLLEGE COLOUR)**

(1) ਕਾਲਜ ਕਲਰ ਕਾਲਜ ਵਿਚ ਪੜ੍ਹਾਈਆਂ ਜਾਣ ਵਾਲੀਆਂ ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।

(2) ਉਹ ਵਿਦਿਆਰਥੀ, ਜਿਸ ਨੇ ਪੰਜਾਬੀ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ।

**3. ਮੈਰਿਟ ਸਰਟੀਫਿਕੇਟ (MERIT CERTIFICATE)**

(1) ਕਾਲਜ ਵਿਚ ਪੜ੍ਹਾਈਆਂ ਜਾਂਦੀਆਂ ਸਾਰੀਆਂ ਕਲਾਸਾਂ ਲਈ ਦਿੱਤੇ ਜਾਣਗੇ।

(2) ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਕਾਲਜ ਪੱਧਰ ਤੇ ਯੂਨੀਵਰਸਿਟੀ ਪ੍ਰੀਖਿਆ ਵਿੱਚ ਕੁੱਲ ਪ੍ਰਾਪਤ ਅੰਕਾਂ ਦੇ ਅਧਾਰ ਤੇ ਪਹਿਲੇ, ਦੂਜੇ ਜਾਂ ਤੀਜੇ ਸਥਾਨ ਤੇ ਰਹੇ ਅਤੇ ਉਹ ਵਿਦਿਆਰਥੀ ਜੋ ਹਰ ਵਿਸ਼ੇ ਵਿੱਚ ਯੂਨੀਵਰਸਿਟੀ ਪ੍ਰੀਖਿਆ ਵਿੱਚ ਪਹਿਲੇ ਸਥਾਨ ਤੇ ਰਹੇ।

## ਸਪੋਰਟਸ (SPORTS)

**ਨੋਟ:** ਕੇਵਲ ਉਨ੍ਹਾਂ ਹੀ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ। ਜੋ ਪੰਜਾਬੀ ਯੂਨੀਵਰਸਿਟੀ/ਅੰਤਰ ਯੂਨੀਵਰਸਿਟੀ/ ਪੰਜਾਬ ਸਰਕਾਰ ਵੱਲੋਂ ਪ੍ਰਮਾਨਿਤ ਹੋਣਗੇ।ਜਿਸ ਖਿਡਾਰੀ ਦਾ ਨਾਂ ਆਨਰ ਪ੍ਰਦਾਨ ਕਰਨ ਲਈ ਵਿਚਾਰਿਆ ਜਾਂਦਾ ਹੈ, ਉਸ ਖਿਡਾਰੀ ਨੂੰ ਕਾਲਜ ਵਲੋਂ ਪ੍ਰਤੀਯੋਗਿਤਾ ਲਈ ਭੇਜਿਆ ਗਿਆ ਹੋਣਾ ਚਾਹੀਦਾ ਹੈ।

**1. ਰੋਲ ਆਫ ਆਨਰ (ROLL OF HONOUR)**

(1) ਇੰਟਰਨੈਸ਼ਨਲ ਪੱਧਰ ਉੱਤੇ ਮੁਕਾਬਲੇ ਲਈ ਕਿਸੇ ਟੀਮ ਮੈਂਬਰ ਜਾਂ ਵਿਅਕਤੀਗਤ ਖਿਡਾਰੀ।

(2) ਨੈਸ਼ਨਲ ਖੇਡ ਮੁਕਾਬਲਿਆਂ ਵਿਚ ਵਿਅਕਤੀਗਤ ਤੌਰ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ

ਜਾਂ

(3) ਆਲ ਇੰਡੀਆ ਅੰਤਰ ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿਚ ਵਿਅਕਤੀਗਤ ਤੌਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਅੰਤਰ ਯੂਨੀਵਰਸਿਟੀ ਨੋਰਥ ਜੋਨ ਯੂਨੀਵਰਸਿਟੀ ਵਿਅਕਤੀਗਤ ਤੌਰ ਜਾਂ ਜੇਤੂ ਟੀਮ ਦਾ ਮੈਂਬਰ ਖਿਡਾਰੀ ।

ਜਾਂ

(4) ਨੈਸ਼ਨਲ ਜਾਂ ਯੂਨੀਵਰਸਿਟੀ ਟੀਮ ਦਾ ਮੈਂਬਰ, ਖਿਡਾਰੀ। ਸਟੇਟ (ਸੀਨੀਅਰ) ਦੇ ਮੁਕਾਬਲਿਆਂ ਵਿਚ ਵਿਅਕਤੀਗਤ ਤੌਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਖਿਡਾਰੀ।

(5) ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦਾ ਮੈਂਬਰ।

**ਨੋਟ:**ਕਿਸੇ ਵਿਦਿਆਰਥੀ ਨੂੰ ਰੋਲ ਆਫ ਆਨਰ ਦੂਜੀ ਵਾਰ ਤਾਂ ਹੀ ਪ੍ਰਦਾਨ ਕੀਤਾ ਜਾਵੇਗਾ, ਜੇਕਰ ਉਸ ਨੇ ਇੱਕ ਵਖਰੇ ਹੀ ਖੇਤਰ ਵਿਚ ਉਪਰੋਕਤ ਅਨੁਸਾਰ ਕੋਈ ਉੱਘੀ ਪ੍ਰਾਪਤੀ ਹਾਸਲ ਕੀਤੀ ਹੋਵੇ।

**2. ਕਾਲਜ ਕਲਰ (COLLEGE COLOUR)**

(1) ਕਾਲਜ ਕਲਰ ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।

(2) ਪੰਜਾਬ ਰਾਜ ਜਾਂ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲਾ ਖਿਡਾਰੀ।

(3) ਯੂਨੀਵਰਸਿਟੀ ਪੱਧਰ ਤੇ ਖੇਡਾਂ ਵਿਚ ਵਿਅਕਤੀਗਤ ਤੋਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ ਜਾਂ ਨੌਰਥ ਜੋਨ ਅੰਤਰ-ਯੂਨੀਵਰਸਿਟੀ ਪ੍ਰਤੀਯੋਗਤਾਵਾਂ ਵਿਚ ਭਾਗ ਲੈਣ ਵਾਲੇ ਵਿਦਿਆਰਥੀ।

(4) ਸਟੇਟ ਚੈਂਪੀਅਨਸ਼ਿਪ (ਸੀਨੀਅਰ) ਦੇ ਮੁਕਾਬਲਿਆਂ ਵਿਚ ਵਿਅਕਤੀਗਤ ਤੌਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦਾ ਮੈਂਬਰ।

(5) ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦਾ ਮੈਂਬਰ।

(6) ਕਾਲਜ ਦਾ ਸਰਵੋਤਮ ਐਥਲੀਟ (ਪੁਰਸ਼ ਅਤੇ ਇਸਤਰੀ)

**3. ਮੈਰਿਟ ਸਰਟੀਫਿਕੇਟ (MERIT CERTIFICATE)**

(1) ਸਾਰੀਆਂ ਕਲਾਸਾਂ ਨੂੰ ਦਿੱਤੇ ਜਾਣਗੇ।

(2) ਅੰਤਰ-ਕਾਲਜ ਮੁਕਾਬਲਿਆਂ ਵਿਚ ਵਿਅਕਤੀਗਤ ਜਾਂ ਟੀਮ ਦੇ ਮੈਂਬਰ ਵਜੋਂ ਪਹਿਲਾ, ਦੂਜਾ, ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

## ਸੱਭਿਆਚਾਰਕ ਗਤੀਵਿਧੀਆਂ (CULTURAL ACTIVITIES)

**1. ਰੋਲ ਆਫ ਆਨਰ (ROLL OF HONOUR)**

(1) ਜੋ ਵਿਦਿਆਰਥੀ ਕਿਸੇ ਮਾਨਤਾ ਪ੍ਰਾਪਤ ਆਲ ਇੰਡੀਆ ਪੱਧਰ ਦੀ ਸੰਸਥਾ ਵਲੋਂ ਕਰਵਾਈਆਂ ਗਈਆਂ ਸੱਭਿਆਚਾਰਕ ਸਰਗਰਮੀਆਂ ਵਿਚੋਂ ਕਿਸੇ ਵੀ ਸਰਗਰਮੀਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਹੋਵੇ।

(2) ਰਾਸ਼ਟਰੀ ਪੱਧਰ ਤੇ ਅੰਤਰ ਯੂਨੀਵਰਸਿਟੀ/ਅੰਤਰ ਰਾਜੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀ ਜੇਤੂ ਟੀਮ ਦਾ ਮੈਂਬਰ।



CamScanner

(3) ਕੌਮਾਂਤਰੀ ਪੱਧਰ ਤੇ ਪੰਜਾਬ/ਭਾਰਤ ਸਰਕਾਰ ਦੀ ਪ੍ਰਤੀਨਿਧਤਾ ਕਰਨ ਵਾਲਾ ਵਿਦਿਆਰਥੀ।

**2. ਕਾਲਜ ਕਲਰ (COLLEGE COLOUR)**

(1) ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।

(2) ਅੰਤਰ-ਕਾਲਜ ਮੁਕਾਬਲਿਆਂ ਵਿਚ:

(ੳ) ਇੱਕ ਪਹਿਲਾ ਅਤੇ ਇੱਕ ਦੂਜਾ ਜਾਂ ਦੋ ਦੂਜੇ ਅਤੇ ਇੱਕ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ।

(ਅ) ਇੱਕ ਦੂਜਾ ਅਤੇ ਦੋ ਤੀਜੇ ਸਥਾਨ ਪ੍ਰਾਪਤ ਕਰਨ ਵਾਲਾ, ਉਹ ਵਿਦਿਆਰਥੀ ਜਿਸ ਨੇ ਵਿਅਕਤੀਗਤ ਤੌਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਇਹ ਪ੍ਰਾਪਤੀਆਂ ਕੀਤੀਆਂ ਹੋਣ। ਜਾਂ

(3) ਜ਼ੋਨਲ ਪੱਧਰ ਤੇ ਪਹਿਲਾ ਜਾਂ ਦੂਜਾ ਇਨਾਮ ਪ੍ਰਾਪਤ ਕਰਨ ਵਾਲਾ ਵਿਦਿਆਰਥੀ (ਵਿਅਕਤੀਗਤ ਤੌਰ ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ)

(4) ਰਾਜ ਜਾਂ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲੇ ਯੁਵਕ ਸੇਵਾਵਾਂ ਦੇ ਵਿਦਿਆਰਥੀ/ ਟੀਮ ਦੇ ਮੈਂਬਰ।

**3. ਮੈਰਿਟ ਸਰਟੀਫਿਕੇਟ (MERIT CERTIFICATE)**

(1) ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।

(2) ਅੰਤਰ-ਕਾਲਜ ਮੁਕਾਬਲਿਆਂ ਵਿਚੋਂ ਵਿਅਕਤੀਗਤ ਤੌਰ ਤੇ ਜਾਂ ਟੀਮ ਦੇ ਮੈਂਬਰ ਵਜੋਂ ਪਹਿਲਾ, ਦੂਜਾ, ਤੀਜਾ ਜਾਂ ਚੌਥਾ ਸਥਾਨ ਪ੍ਰਾਪਤ ਕੀਤਾ ਹੋਵੇ।

## ਐਨ.ਐਸ.ਐਸ. (N.S.S.)

**1. ਰੋਲ ਆਫ ਆਨਰ (ROLL OF HONOUR)**

**ਵਿਦਿਆਰਥੀ ਹੇਠ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ :-**

(1) ਨੈਸ਼ਨਲ ਪੱਧਰ ਦੇ ਕੈਂਪਾਂ ਲਈ ਵਿਅਕਤੀਗਤ ਤੌਰ ਜਾਂ ਟੀਮ ਦੇ ਮੈਂਬਰ ਵਜੋਂ ਚੁਣਿਆ ਗਿਆ ਵਲੰਟੀਅਰ।

(2) ਸਟੇਟ ਜਾਂ ਯੂਨੀਵਰਸਿਟੀ ਪੱਧਰ ਤੇ ਲਗਾਏ ਗਏ ਕੈਂਪਾਂ ਵਿਚ ਭਾਗ ਲਿਆ ਹੋਵੇ।

(3) ਕਾਲਜ ਦੇ ਸੱਤ ਰੋਜ਼ਾ ਕੈਂਪਾਂ ਵਿੱਚ ਸਰਵੋਤਮ ਵਲੰਟੀਅਰ (ਲੜਕੇ ਅਤੇ ਲੜਕੀਆਂ ਵਿੱਚੋਂ) ਘੋਸ਼ਿਤ ਕੀਤਾ ਗਿਆ ਹੋਵੇ।

(4) ਤਿੰਨ ਵਾਰ ਖੂਨਦਾਨ ਕੀਤਾ ਹੋਵੇ।

(5) ਵਲੰਟੀਅਰ, ਸਮਾਜ ਸੇਵੀ, ਅਨੁਸ਼ਾਸਨ ਬੱਧ ਅਤੇ ਕਾਲਜ ਦੀਆਂ ਸਰਗਰਮੀਆਂ ਵਿੱਚ ਦਿਲਚਸਪੀ ਨਾਲ ਭਾਗ ਲੈਣ ਵਾਲਾ ਹੋਵੇ।

**2. ਕਾਲਜ ਕਲਰ (COLLEGE COLOUR)**

(1) ਕਾਲਜ ਕਲਰ ਸਾਰੀਆਂ ਕਲਾਸਾਂ ਨੂੰ ਦਿੱਤਾ ਜਾਵੇਗਾ।

(2) ਕਾਲਜ ਦੇ 7 ਰੋਜ਼ਾ ਕੈਂਪਾਂ ਵਿੱਚ ਚੰਗਾ ਵਲੰਟੀਅਰ ਰਿਹਾ ਹੋਵੇ।

(3) ਦੋ ਵਾਰ ਖੂਨਦਾਨ ਕੀਤਾ ਹੋਵੇ।

(4) ਵਲੰਟੀਅਰ, ਸਮਾਜ ਸੇਵੀ, ਅਨੁਸ਼ਾਸਨ ਬੱਧ ਅਤੇ ਕਾਲਜ ਦੀਆਂ ਸਰਗਰਮੀਆਂ ਵਿੱਚ ਦਿਲਚਸਪੀ ਨਾਲ ਭਾਗ ਲੈਣ ਵਾਲਾ ਹੋਵੇ।

**3. ਮੈਰਿਟ ਸਰਟੀਫਿਕੇਟ (MERIT CERTIFICATE)**

**ਵਿਦਿਆਰਥੀ ਹੇਠ ਲਿਖੀਆਂ ਸਾਰੀਆਂ ਸ਼ਰਤਾ ਪੂਰੀਆਂ ਕਰਦਾ ਹੋਵੇ :-**

(1) ਸਾਰੀਆਂ ਕਲਾਸਾਂ ਨੂੰ ਦਿੱਤੇ ਜਾਣਗੇ।

(2) ਕਾਲਜ ਦੇ ਇੱਕ ਰੋਜ਼ਾ ਕੈਂਪਾਂ ਵਿਚ ਸਰਵੋਤਮ ਵਲੰਟੀਅਰ ਘੋਸ਼ਿਤ ਕੀਤਾ ਗਿਆ ਹੋਵੇ।

(3) ਘੱਟੋ-ਘੱਟ ਇੱਕ ਵਾਰ ਖੂਨਦਾਨ ਕੀਤਾ ਹੋਵੇ।

(4) ਕਾਲਜ ਦੇ ਸੱਤ ਰੋਜਾਂ ਕੈਂਪਾਂ ਵਿੱਚ ਵਧੀਆ ਕਾਰਗੁਜਾਰੀ ਕਾਰਨ ਕਿਸੇ ਕਾਰਜ ਲਈ ਸਰਵੋਤਮ (ਲੜਕੇ ਅਤੇ ਲੜਕੀਆਂ ਵਿੱਚੋਂ) ਐਲਾਨਿਆ ਗਿਆ ਹੋਵੇ।

(5) ਵਲੰਟੀਅਰ, ਸਮਾਜ ਸੇਵੀ, ਅਨੁਸ਼ਾਸਨ ਬੱਧ ਅਤੇ ਕਾਲਜ ਦੀਆਂ ਸਰਗਰਮੀਆਂ ਵਿੱਚ ਦਿਲਚਸਪੀ ਨਾਲ ਭਾਗ ਲੈਣ ਵਾਲਾ ਹੋਵੇ।



CamScanner

## ਜ਼ਰੂਰੀ ਨੋਟ :

1. ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਲਜ ਦੇ ਪ੍ਰਿੰਸੀਪਲ ਨੂੰ ਅਧਿਕਾਰ ਹੈ ਕਿ ਪ੍ਰਾਸਪੈਕਟਸ ਵਿੱਚ ਬਿਨਾਂ ਦੱਸੇ ਕੋਈ ਵੀ ਤਬਦੀਲੀ ਕਰ ਸਕਦੇ ਹਨ।
2. ਪ੍ਰਾਸਪੈਕਟਸ ਛੱਪਣ ਤੋਂ ਬਾਅਦ, ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਰਾਹੀਂ ਕੀਤੀਆਂ ਫੀਸਾਂ/ਨਿਯਮਾਂ/ਵਿਸ਼ਿਆਂ ਅਤੇ ਸਿਲੇਬਸਾਂ ਸੰਬੰਧੀ ਸੋਧਾਂ ਲਾਗੂ ਹੋਣਗੀਆਂ।
3. ਉਮੀਦਵਾਰ ਦਾਖ਼ਲਾ ਫਾਰਮ ਭਰਨ ਤੋਂ ਪਹਿਲਾਂ ਪ੍ਰਾਸਪੈਕਟਸ ਵਿਚ ਦਰਸਾਏ ਦਾਖ਼ਲੇ ਸੰਬੰਧੀ ਪ੍ਰੋਗਰਾਮ ਅਤੇ ਹੋਰ ਨਿਯਮ ਧਿਆਨ ਨਾਲ ਪੜ੍ਹ ਲੈਣ।
4. ਗਰਮੀ / ਸਰਦੀ ਦੀਆਂ ਛੁੱਟੀਆਂ ਅਤੇ ਪ੍ਰੀਖਿਆ ਸੰਬੰਧੀ ਸ਼ਡਿਊਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਜਾਰੀ ਕਰਨ ਤੋਂ ਬਾਅਦ ਕਾਲਜ ਦੀ ਵੈੱਬਸਾਈਟ ਉੱਤੇ ਪਾ ਦਿੱਤਾ ਜਾਵੇਗਾ।
5. ਕਾਲਜ ਦੇ ਸਾਰੇ ਵਿਦਿਆਰਥੀਆਂ ਲਈ ਕੋਵਿਡ-19 ਦੀ ਵੈਕਸੀਨੇਸ਼ਨ ਹੋਣੀ ਲਾਜ਼ਮੀ ਹੈ। ਇਸ ਤੋਂ ਬਿਨਾਂ ਕਾਲਜ ਵਿੱਚ ਐਂਟਰੀ ਨਹੀਂ ਦਿੱਤੀ ਜਾਵੇਗੀ।

## ਦਾਖ਼ਲੇ ਸੰਬੰਧੀ ਵਿਸ਼ੇਸ਼ ਨੋਟ

1. ਐਂਟਰੀ ਪੁਆਇੰਟ ਦੇ ਦਾਖ਼ਲੇ (B.Com-I, B.Com Honours-I, M.Com-I, M.Com Business Innovations-I , BCA-I) ਪੰਜਾਬ ਸਰਕਾਰ ਦੇ ਪੋਰਟਲ https://admission.punjab.gov.in ਦੇ ਰਾਹੀਂ ਹੋਣਗੇ।
2. ਬਾਕੀ ਰਹਿੰਦੀਆਂ ਕਲਾਸਾਂ ਦੇ ਦਾਖ਼ਲੇ www.gbcpatialaadmission.com ਦੇ ਰਾਹੀਂ ਹੋਣਗੇ।
3. ਦਾਖ਼ਲੇ ਸੰਬੰਧੀ ਲੋੜੀਂਦੀ ਸੂਚਨਾ ਕੇਵਲ ਕਾਲਜ ਵੈੱਬਸਾਈਟ ਜਾਂ ਕਾਲਜ ਨੋਟਿਸ ਬੋਰਡ ਤੇ ਲਗਾਈ ਜਾਵੇਗੀ।
4. ਸਮੇਂ ਸਮੇਂ ਤੇ ਕਾਲਜ ਵੈੱਬਸਾਈਟ ਚੈੱਕ ਕੀਤੀ ਜਾਵੇ।
5. ਦਾਖ਼ਲਾ ਸ਼ੈਸ਼ਨ 2022-23 ਦੀ ਜਾਣਕਾਰੀ ਲਈ ਹੈਲਪਲਾਈਨ ਨੰਬਰ-

ਬੀ.ਕਾਮ.-

1. ਅਸਿ. ਪ੍ਰੋ. ਸਤਿੰਦਰ ਕੌਰ 94641-45554 (ਗੈਸਟ ਫੈਕਲਟੀ)
2. ਅਸਿ. ਪ੍ਰੋ. ਕਵਿਤਾ ਗਰਗ 98034-16997 (ਗੈਸਟ ਫੈਕਲਟੀ)

ਬੀ.ਸੀ.ਏ.-

1. ਡਾ. ਹਰਸਿਮਰਨ ਕੌਰ 97794-64860 (HEIS)
2. ਪ੍ਰੋ. ਰੀਤਿਕਾ ਮੈਣੀ 98148-10460 (HEIS)



CamScanner

# Govt. Bikram College of Commerce, Patiala

## Registration Form for Enrollment Session 2022-23

Website: **www.gbcpatiala.ac.in,** Email: **gbcpatiala1@gmail.com**

Name of the Student ____________________________

Name of the School ____________________________

Board ( ✓ ) ○ CBSE ○ PSEB ○ any other

Roll Number ____________________________

Passing Year of (10+2) ____________________________

Stream ( ✓ ) ○ Medical ○ Non Medical ○ Commerce ○ Arts ○ Vocational ○ Any other

Course for registration for the year 2022-23 ( ✓ )

○ BCA ○ BCOM ○ BCOM (Honours) ○ MCom ○ MCom (Business Innovations)

Short Term Courses (also available for six months) ( ✓ )

- ○ Certificate Course in IT Enabled Services
- ○ Certificate Course in Business Etiquettes & professionalism
- ○ Certificate Course in Retail and sales Management Skills

Mother's Name ___________________________

Father's Name ___________________________

Date of Birth ___________________________

Gender ( ✓ ) ○ Male ○ Female ○ Others

Mobile Number ___________________________

Email ID ___________________________

Reservation Category ___________________________

Caste Category ___________________________

Caste ___________________________

Aadhaar Number ___________________________

Nationality ___________________________

Punjab Domicile ___________________________

Signatures of Student Signatures of Parents

ਹੈਲਪਲਾਈਨ ਨੰਬਰ

ਬੀ.ਕਾਮ.-ਅਸਿ. ਪ੍ਰੋ. ਸਤਿੰਦਰ ਕੌਰ 94641-45554, ਅਸਿ. ਪ੍ਰੋ. ਕਵਿਤਾ ਗਰਗ 98034-16997

ਬੀ.ਸੀ.ਏ.-ਡਾ. ਹਰਸਿਮਰਨ ਕੌਰ 97794-64860 ਪ੍ਰੋ. ਰੀਤਿਕਾ ਮੈਣੀ 98148-10460

CS CamScanner

# CERTIFICATE FOR RURAL AREA CANDIDATE

(Required only from those candidates claiming benefit of reservation under Rural Area Category)

Certified that ...............................son/daughter/wife of Shri..............................................

applicant for admission to various courses 2022-23, in Punjabi University, Patiala has

Passed Matriculation/Higher Secondary examination from.................................................

School, Village............................ District.................................................................which

is situated in rural area i.e. an area that falls neither under a Municipal Corporation / Municipal Committee nor under a Notified Area Committee and he/ She has studied in School situated in rural area for atleast five years prior to his/her Matriculation/ Higher Secondary examinations.

Place...........................

Date:..........................

Signature of the Principal/
Headmaster of the School
(with office stamp)


Signatures of Tehsildar/DDPO/BDPO of the area (with clear office stamp)

Despatch no........................................
Dated ................................................

**Note: The school run on the campuses of Corporations, Universities and Cantonment areas will not be considered in this category.**

**Note :** The certificate of residence, class, caste, wards of political sufferers/ freedom fighters, n, riot affected or of being from the backward area border area are to be signed by the appropriate authority as specified in the Reservation Policy of the Prospectus and must bear office stamp. The Officers signing the Certificate are particularly requested to affix their Revenue Official stamp and not the Magistrate's Court Stamp, as it gives no indication that the certifying Officer is a Revenue Officer as required under the rule.

CamScanner



ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

**GOVT. BIKRAM COLLEGE OF COMMERCE, PATIALA**


NAAC ACCREDITED GRADE B++

TELEPHONE: .0175-2220493


PATIALA

Estd. 1945

ਮੁੱਲ 50/-


Shaheed-e-Azam Press & Hospitality Pvt. Ltd. Patiala 9814632807



E-mail: gbcpatiala1@gmail.com

Website: www.gbcpatiala.ac.in



CamScanner